# ਸਲਾਨਾ ਪ੍ਰਬੰਧਕੀ ਰਿਪੋਰਟ 2019-20
# ਅਰਥ ਅਤੇ ਅੰਕੜਾ ਸੰਗਠਨ,ਪੰਜਾਬ

**ਪਿਛੋਕੜ**

ਅਜ਼ਾਦੀ ਤੋਂ ਬਾਦ ਆਰਥਿਕ ਯੋਜਨਾਬੰਦੀ ਦੇ ਯੁੱਗ ਦੇ ਆਉਣ ਨਾਲ ਰਾਜ ਸਰਕਾਰ ਨੇ ਰਾਜ ਦੀਆਂ ਅੰਕੜਾਤਮਕ ਲੋੜਾਂ ਨੂੰ ਪੂਰਾ ਕਰਨ ਲਈ 1949 ਵਿਚ ਅਰਥ ਤੇ ਅੰਕੜਾ ਸਲਾਹਕਾਰ ਦੀ ਅਗਵਾਈ ਵਿਚ ਇਕ ਅੰਕੜਾ ਦਫਤਰ ਬਣਾਇਆ। 1949/1950 ਵਿਚ ਸਾਬਕਾ ਪੈਪਸੂ ਰਾਜ ਵਿਚ ਬਣਾਇਆ ਗਿਆ ਬੋਰਡ ਆਫ ਇਕਨਾਮਿਕ ਇੰਨਕੁਆਰੀ/ਬਿਊਰੋ ਆਫ ਇਕਨਾਮਿਕ ਅਤੇ ਸਟੈਟਿਸਟਿਕਸ ਵੀ 1953 ਵਿਚ ਇਸ ਦਫਤਰ ਦਾ ਹਿੱਸਾ ਬਣ ਗਿਆ ਸੀ।1956 ਵਿਚ ਪੰਜਾਬ ਅਤੇ ਪੈਪਸੂ ਦੇ ਇਕ ਹੋ ਜਾਣ ਨਾਲ ਵਰਤਮਾਨ ਅਰਥ ਅਤੇ ਅੰਕੜਾ ਸੰਗਠਨ (ESO) ਹੋਂਦ ਵਿਚ ਆਇਆ।ਹੁਣ ESO ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੰਮ ਕਰ ਰਿਹਾ ਹੈ।

CSO ਦੀ ਕਾਰਜਪ੍ਰਣਾਲੀ ਦੇ ਅਨੁਸਾਰ ਸਲਾਨਾ ਰਾਜ ਆਮਦਨ ਅਨੁਮਾਨ ਤਿਆਰ ਕਰਨਾ ਇਸ ਸੰਸਥਾ ਦਾ ਮੁੱਖ ਕੰਮ ਹੈ।ਇਸ ਤੋਂ ਇਲਾਵਾ ਕਈਂ ਅਹਿਮ ਅੰਕੜਾ ਦਸਤਾਵੇਜ ਨਿਯਮਤ ਸਮੇਂ ਤੋਂ ਬਾਦ ਤਿਆਰ ਕੀਤੇ ਜਾਂਦੇ ਹਨ, ਜਿਹੜੇ ਵੱਡੀ ਗਿਣਤੀ ਵਿਚ ਵਰਤੋਂਕਾਰਾਂ ਜਿਵੇਂ ਕਿ ਯੋਜਨਾਕਾਰਾਂ, ਖੋਜ਼ ਕਰਤਾਵਾਂ, ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੁਆਰਾ ਵਰਤੇ ਜਾਂਦੇ ਹਨ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ ਅਤੇ ਰਾਜ ਅਤੇ ਕੇਂਦਰੀ ਸਰਕਾਰ, ਨੀਤੀਕਾਰਾਂ, ਖੋਜ ਸੰਸਥਾਵਾਂ ਅਤੇ ਮਾਹਿਰ ਤੇ ਵਿਦਵਾਨਾਂ ਦੀ ਅੰਕੜਾਤਮਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।ਇਹ ਸੰਗਠਨ ਰਾਜ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ ਤੱਕ ਪ੍ਰਾਇਮਰੀ ਅਤੇ ਸੈਕੰਡਰੀ ਡੈਟਾ ਇਕੱਤਰ ਕਰਦਾ ਹੈ।ਇਸ ਤਰ੍ਹਾਂ ਇਕੱਠੇ ਕੀਤੇ ਡੈਟੇ ਨੂੰ ਸੰਗ੍ਰਹਿ, ਸੰਕਲਨ, ਅਤੇ ਵਿਸ਼ਲੇਸ਼ਣ ਕਰਨ ਤੋਂ ਬਾਅਦ ਵੱਖ-ਵੱਖ ਪ੍ਰਕਾਸ਼ਨਾਂ ਦੇ ਰੂਪ ਵਿੱਚ ਛਪਵਾਇਆ ਜਾਂਦਾ ਹੈ।ਇਹ ਸੰਗਠਨ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਲਈ ਨੋਡਲ ਏਜੰਸੀ ਦਾ ਕੰਮ ਕਰਦਾ ਹੈ।ਇਸ ਲਈ ਇਹ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਦਾ ਤਾਲਮੇਲ ਰੱਖਦਾ ਹੈ ਅਤੇ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਨਾਲ ਯੋਗ ਸੰਪਰਕ ਰੱਖਦਾ ਹੈ।

'ਰਾਜ ਅੰਕੜਾ ਸਾਰ' ਅਤੇ 'ਆਰਥਿਕ ਸਰਵੇਖਣ ਪੰਜਾਬ' ਇਸ ਸੰਗਠਨ ਦੇ ਦੋ ਮਹੱਤਵਪੂਰਨ ਪ੍ਰਕਾਸ਼ਨ ਹਨ, ਜਿਨ੍ਹਾਂ ਵਿੱਚ ਰਾਜ ਦੇ ਵੱਖ-ਵੱਖ ਸਮਾਜਿਕ ਆਰਥਿਕ ਵਿਸ਼ਿਆਂ ਤੇ ਬਹੁਪੱਖੀ ਸੂਚਨਾਂ ਸ਼ਾਮਲ ਕੀਤੀ ਜਾਂਦੀ ਹੈ।ਇਹ ਦੋਵੇਂ ਪ੍ਰਕਾਸ਼ਨ ਬਜਟ ਦਸਤਾਵੇਜ਼ ਹਨ ਜੋ ਕਿ ਸਲਾਨਾ ਤਿਆਰ ਕੀਤੇ ਜਾਂਦੇ ਹਨ ਅਤੇ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਪੇਸ਼ ਕੀਤੇ ਜਾਂਦੇ ਹਨ।ਪਿੰਡਾਂ ਦੀ ਡਾਇਰੈਕਟਰੀ ਵਿਭਾਗ ਦਾ ਇਕ ਹੋਰ ਆਨਲਾਈਨ ਪ੍ਰਕਾਸ਼ਨ ਹੈ, ਜ਼ੋ 253 ਆਈਟਮਾਂ ਤੇ ਰਾਜ ਦੇ ਸਾਰੇ ਪਿੰਡਾਂ ਦਾ ਮਾਈਕਰੋ ਪੱਧਰ ਦਾ ਡਾਟਾ ਪੇਸ਼ ਕਰਦੀ ਹੈ।

**2. ਵਿਭਾਗ ਦਾ ਸੰਸਥਾਗਤ ਢਾਂਚਾ**

ਆਰਥਿਕ ਸਲਾਹਕਾਰ, ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਮੁਖੀ ਹਨ।ਜਿਨ੍ਹਾਂ ਦੀ ਸਹਾਇਤਾ ਡਾਇਰੈਕਟਰਾਂ, ਮੀਤ ਡਾਇਰੈਕਟਰਾਂ, ਉਪ ਅਰਥ ਅਤੇ ਅੰਕੜਾ ਸਲਾਹਕਾਰਾਂ, ਖੋਜ ਅਫਸਰਾਂ ਅਤੇ ਸਹਾਇਕ ਖੋਜ ਅਫਸਰਾਂ ਵਲੋਂ ਕੀਤੀ ਜਾਂਦੀ ਹੈ।ਵਿਭਾਗ ਦੀ ਸੰਗਠਨਾਤਮਿਕ ਬਣਤਰ ਦਾ ਚਾਰਟ ਅਨੈਕਸਚਰ I ਤੇ ਹੈ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਰਾਜ ਪੱਧਰ ਤੇ 11 ਰੈਗੂਲਰ ਸੈਕਸ਼ਨ ਹਨ, ਇਸ ਤੋਂ ਇਲਾਵਾ 5 ਹੋਰ ਸੈਕਸ਼ਨ, ਮੈਂਬਰ ਆਫ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ, 20 ਨੁਕਾਤੀ ਪ੍ਰੋਗਰਾਮ, ਆਰਥਿਕ ਗਣਨਾ, ਆਈ.ਐਸ.ਐਸ.ਪੀ. ਅਤੇ ਜਿਉਗ੍ਰਾਫਿਕ ਇੰਨਫਰਮੇਸ਼ਨ ਸਿਸਟਮ (ਜੀ.ਆਈ.ਐਸ) ਮੁੱਖ ਦਫਤਰ ਵਿਖੇ ਕੰਮ ਕਰਦੇ ਸਨ।ਇਕ ਸੈਕਸ਼ਨ ਅਮਲਾ ਸ਼ਾਖਾ ਅਤੇ ਬਾਕੀ ਸੈਕਸ਼ਨ ਅੰਕੜਿਆਂ ਅਤੇ ਖੋਜ ਅਧਾਰਿਤ ਟੈਕਨੀਕਲ, ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ ਸਬੰਧੀ ਕੰਮ ਕਰਦੇ ਹਨ।ਅਮਲਾ ਸ਼ਾਖਾ ਮਨੁੱਖੀ ਸਰੋਤ ਦਾ ਪ੍ਰਬੰਧਕੀ ਕੰਮ ਕਰਦੀ ਹੈ।ਡਾਇਰੈਕਟਰ, ਮੀਤ ਡਾਇਰੈਕਟਰ ਅਤੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵੱਖ-ਵੱਖ ਆਰਥਿਕ ਅਤੇ ਅੰਕੜਾਤਮਕ ਵਿਸ਼ਿਆਂ ਤੇ ਦਿਨ ਪ੍ਰਤੀਦਿਨ ਜ਼ਰੂਰੀ ਅਗਵਾਈ ਦਿੰਦੇ ਹਨ।ਖੋਜ ਅਫਸਰ ਅਤੇ ਸਹਾਇਕ ਖੋਜ ਅਫਸਰ ਮੁੱਖ ਤੌਰ ਤੇ ਡੈਟੇ ਦੇ ਵਿਸ਼ਲੇਸ਼ਣ ਅਤੇ ਸੰਕਲਨ ਲਈ ਜ਼ਿੰਮੇਂਵਾਰ ਹਨ ਜਦੋਂ ਕਿ ਡੈਟਾ ਇਕੱਤਰ, ਸੰਗ੍ਰਹਿ ਕਰਨ ਦਾ ਕੰਮ ਅੰਕੜਾ ਸਹਾਇਕਾਂ ਅਤੇ ਇਨਵੈਸਟੀਗੇਟਰਾਂ ਰਾਹੀਂ ਕੀਤਾ ਜਾਂਦਾ ਹੈ।

ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਅੰਕੜਾ ਦਫ਼ਤਰ ਹੈ, ਜਿਸ ਦਾ ਮੁੱਖੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਹੈ।ਜ਼ਿਲ੍ਹਾ ਅੰਕੜਾ ਅਫਸਰ ਅੰਕੜੇ ਇਕੱਤਰ ਕਰਨ ਅਤੇ ਵਿਕਾਸ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਦੋਹਰਾ ਕੰਮ ਕਰਦੇ ਹਨ।ਜ਼ਿਲ੍ਹਾ ਅੰਕੜਾ ਦਫ਼ਤਰ ਐਮ.ਪੀ ਲੈਡ ਸਕੀਮ ਅਧੀਨ ਫੰਡ ਸੈਂਕਸ਼ਨ/ਜਾਰੀ ਕਰਵਾਉਣ ਵਿਚ ਵੀ ਅਹਿਮ ਰੋਲ ਅਦਾ ਕਰਦੇ ਹਨ।ਇਸ ਸਕੀਮ ਅਧੀਨ ਰਾਜ ਦੇ ਹਰ ਇੱਕ ਐਮ.ਪੀ.ਨੂੰ ਸਲਾਨਾ ਪੰਜ ਕਰੋੜ ਰੁਪਏ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਜਾਂਦੇ ਹਨ।20 ਨੁਕਾਤੀ ਪ੍ਰੋਗਰਾਮ ਦਾ ਰੀਵਿਊ ਵੀ ਇਸ ਵਿਭਾਗ ਵਲੋਂ ਕੀਤਾ ਜਾਂਦਾ ਹੈ।

ਅਜਿਹੀਆਂ ਸਕੀਮਾਂ (ਐਮਪੀਲੈਡ ਅਤੇ ਟੀਪੀਪੀ) ਦਾ ਕੰਮ ਮੌਜੂਦਾ ਮੰਜੂਰਸ਼ੁਦਾ ਵਿਭਾਗੀ ਸਟਾਫ ਵਲੋਂ ਹੀ ਕੀਤਾ ਜਾਂਦਾ ਹੈ ਅਤੇ ਇਸ ਲਈ ਕੋਈ ਵਾਧੂ ਸਟਾਫ ਉਪਲਬੱਧ ਨਹੀਂ ਹੈ ਜਿਸ ਕਾਰਨ ਵਿਭਾਗ ਦਾ ਅੰਕੜਾਤਮਕ ਕੰਮ ਗੰਭੀਰ

ਰੂਪ ਵਿਚ ਪ੍ਰਭਾਵਿਤ ਹੈ।ਅਸਾਮੀਵਾਰ ਅਤੇ ਸ਼੍ਰੇਣੀਵਾਰ ਮੰਜੂਰਸ਼ੁਦਾ ਅਤੇ ਭਰੀਆਂ ਅਸਾਮੀਆਂ ਦਾ ਵੇਰਵਾ ਅਨੈਕਸਚਰ- II ਅਤੇ III ਤੇ ਕ੍ਰਮਵਾਰ ਹੈ।

3. ਵਿਜ਼ਨ, ਮਿਸ਼ਨ ਅਤੇ ਟੀਚੇ

ੳ) ਵਿਜ਼ਨ

ਦੇਸ਼ ਵਿਚ ਸਭ ਤੋਂ ਵੱਧ ਨਵੀਨਤਮ ਸਟੇਟ ਸਟੈਟਿਸਟੀਕਲ ਸਿਸਟਮ ਅਤੇ ਰਾਜ ਦੇ ਹੇਠਲੇ ਪੱਧਰ ਦੀ ਯੋਜਨਾ ਲਈ ਗੁਣਾਤਮਕ ਡਾਟਾ ਬੈਂਕ, ਪ੍ਰੋਗਰਾਮਾਂ ਅਤੇ ਪ੍ਰੋਜੈਕਟਾਂ ਦੀ ਪ੍ਰਭਾਵਸ਼ਾਲੀ ਤਰੀਕੇ ਨਾਲ ਨਿਗਰਾਨੀ ਅਤੇ ਮੁਲਾਂਕਣ ਕਰਨਾ ਤਾਂ ਜ਼ੋ ਰਾਜ ਅਤੇ ਰਾਸ਼ਟਰੀ ਸਰੋਤਾਂ ਦੀ ਕਾਰਗਰ ਵਰਤੋਂ ਯਕੀਨੀ ਬਣਾਈ ਜਾ ਸਕੇ।

ਅ) ਮਿਸ਼ਨ

ਸਮੇਂ ਸਿਰ ਅਤੇ ਸਹੀ ਅੰਕੜੇ ਪ੍ਰਦਾਨ ਕਰਨਾ ਜ਼ੋ ਯੋਜਨਾਬੰਦੀ, ਖੋਜ਼ ਅਤੇ ਜਨਤਕ ਜਾਣਕਾਰੀ ਲਈ ਉਪਯੋਗੀ ਹੋਵੇ।

i) ਸਹੀ ਅਤੇ ਸਮੇਂ ਸਿਰ ਅੰਕੜੇ ਉਪਲਬੱਧ ਕਰਵਾਕੇ ਗਤੀਸ਼ੀਲ ਸਮਾਜਿਕ, ਆਰਥਿਕ ਸੰਦਰਭ ਵਿਚ ਸੂਝਵਾਨ ਫੈਸਲੇ ਲੈਣ ਲਈ ਸਾਰੀਆਂ ਡੈਟਾ ਲੋੜਾਂ ਨੂੰ ਪੂਰਾ ਕਰਨਾ।

ii) ਖੋਜ਼, ਸੂਚਿਤ ਫੈਸਲੇ ਲੈਣ ਅਤੇ ਜਨਤਕ ਜਾਣਕਾਰੀ ਲਈ ਡੈਟਾ ਲੋੜਾਂ ਦਾ ਨਿਯਮਤ ਮੁਲਾਂਕਣ ਕਰਨਾ।

iii) ਦੇਸ਼ ਵਿਚ ਅੰਕੜਾ ਪ੍ਰਣਾਲੀ ਦੇ ਵਿਕਾਸ ਲਈ ਸਾਰੀਆਂ ਰਾਸ਼ਟਰੀ ਪਹਿਲਕਦਮੀਆਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਅਤੇ ਯੋਗਦਾਨ ਪਾਉਣਾ।

ੲ) ਟੀਚੇ (ਮਾਪਣਯੋਗ ਮਾਪਦੰਡਾਂ ਜਾਂ ਕਾਰਗੁਜ਼ਾਰੀ ਦੇ ਮੁੱਖ ਸੂਚਕ)

ਗੈਰ ਸਰਕਾਰੀ ਵਰਤੋਂਕਾਰਾਂ ਅਤੇ ਸਰਕਾਰੀ ਨੀਤੀ ਬਣਾਉਣ ਵਾਲਿਆਂ ਅਤੇ ਯੋਜਨਾਕਾਰਾਂ ਨੂੰ ਕੁੱਝ ਮਹਤੱਵਪੂਰਨ ਸੂਚਕਾਂ ਤੇ ਡੈਟਾ/ਅੰਕੜੇ ਮੁਹੱਈਆ ਕਰਵਾਉਣਾ।

ਹੇਠ ਲਿਖੀਆਂ ਗਤੀਵਿਧੀਆਂ ਰਾਹੀਂ ਕੁਝ ਮੁੱਖ ਨਿਵੇਸ਼ ਪ੍ਰਦਾਨ ਕੀਤੇ ਗਏ ਹਨ:

1. ਰਾਜ ਆਮਦਨ ਦੇ ਆਰਜ਼ੀ, ਤੁਰੰਤ ਅਤੇ ਅਗੇਤੇ ਅਨੁਮਾਨਾਂ ਨੂੰ ਇਕੱਠਾ ਕਰਨਾ ਅਤੇ ਜਾਰੀ ਕਰਨਾ।
2. ਪੰਜਾਬ ਦੇ ਰਾਜ ਅੰਕੜਾ ਸਾਰ ਦਾ ਸੰਕਲਨ ਅਤੇ ਜਾਰੀ ਕਰਨਾ।
3. ਪੰਜਾਬ ਦੇ ਆਰਥਿਕ ਸਰਵੇਖਣ ਦਾ ਸੰਕਲਨ ਅਤੇ ਜਾਰੀ ਕਰਨਾ।
4. ਨਗਰਨਿਗਮਾਂ/ਕਮੇਟੀਆਂ ਦੇ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ਼੍ਰੇਣੀਆਂ ਦਾ ਸੰਕਲਨ ਅਤੇ ਜਾਰੀ ਕਰਨਾ।
5. ਪਿੰਡਾਂ ਦੀ ਡਾਇਰੈਕਟਰੀ ਦਾ ਸੰਕਲਨ ਅਤੇ ਜਾਰੀ ਕਰਨਾ।
6. ਮਾਸਿਕ ਉਪਭੋਗਤਾ ਭਾਅ ਸੂਚਕਾਂਕ ਦਾ ਸੰਕਲਨ ਅਤੇ ਜਾਰੀ ਕਰਨਾ।
7. ਉਦਯੋਗਿਕ ਉਤਪਾਦਨ ਦੇ ਸੂਚਕਾਂਕ ਦਾ ਸੰਕਲਨ ਅਤੇ ਜਾਰੀ ਕਰਨਾ।
8. ਪੰਜਾਬ ਸਰਕਾਰ ਦੇ ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਨੂੰ ਇਕੱਤਰ ਕਰਨਾ ਅਤੇ ਜਾਰੀ ਕਰਨਾ।
9. ਪੰਜਾਬ ਦੇ ਮਿਉਂਸਪਲ ਅੰਕੜੇ ਸੰਗ੍ਰਹਿ ਅਤੇ ਜਾਰੀ ਕਰਨਾ।
10. ਬਿਲਡਿੰਗ ਕੰਨਸਟ੍ਰਕਸ਼ਨ ਕਾਸਟ ਇੰਡੈਕਸ (BCCI) ਦਾ ਸੰਗ੍ਰਹਿ ਅਤੇ ਜਾਰੀ ਕਰਨਾ।
11. ਰਾਸ਼ਟਰੀ ਨਮੂਨਾ ਸਰਵੇਖਣ ਦੇ ਡੈਟਾ ਦਾ ਸੰਗ੍ਰਹਿ ਅਤੇ ਜਾਰੀ ਕਰਨਾ।

**ਸ) ਲੰਮੇ ਸਮੇਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮੌਜੂਦਾ ਨੀਤੀਆਂ, ਭਵਿੱਖੀ ਨੀਤੀ ਸੁਧਾਰਾਂ ਅਤੇ ਵਿਸ਼ੇਸ਼ ਯੋਜਨਾਵਾਂ ਦਾ ਸਾਰ:**

- **ਉਦੇਸ਼**
  ਵੱਖ-ਵੱਖ ਸਮਾਜਿਕ-ਆਰਥਿਕ ਵਿਸ਼ਿਆਂ ਤੇ ਕੁਝ ਮੁੱਖ ਸੂਚਕਾਂ ਬਾਰੇ ਸਰਕਾਰ ਅਤੇ ਆਮ ਜਨਤਾ ਅਤੇ ਨੀਤੀ ਨਿਰਮਾਤਾਵਾਂ ਨੂੰ ਸਮੇਂ ਸਿਰ ਅਤੇ ਸਹੀ ਡੈਟਾ/ਅੰਕੜੇ ਪ੍ਰਦਾਨ ਕਰਨਾ।
- **ਸਮੱਗਰੀ**
  ਸਰਕਾਰੀ, ਗੈਰ-ਸਰਕਾਰੀ, ਨੀਤੀ ਨਿਰਮਾਤਾ ਅਤੇ ਹੋਰ ਵਰਤੋਂਕਾਰਾਂ ਦੁਆਰਾ ਲੋੜੀਂਦੇ ਡਾਟਾ ਸੈੱਟ।
  ਰਾਜ ਅਤੇ ਕੇਂਦਰ ਸਰਕਾਰ ਦੇ ਵਲੋਂ ਅਧਿਐਨ ਅਤੇ ਸਰਵੇਖਣ।
- **ਪ੍ਰਦਾਨਕਰਣਯੋਗ ਕੰਮਾਂ ਦੀ ਸੂਚੀ**
  ਹੇਠਾਂ ਦਿੱਤੇ ਪ੍ਰਕਾਸ਼ਨਾਂ ਦੇ ਰੂਪ ਵਿਚ ਮਹਤੱਵਪੂਰਨ ਪ੍ਰਕਾਸ਼ਨ ਅਤੇ ਅੰਕੜੇ ਸੈੱਟ:
  - ➢ ਰਾਜ ਆਮਦਨ ਅਨੁਮਾਨ
  - ➢ ਰਾਜ ਅੰਕੜਾ ਸਾਰ
  - ➢ ਆਰਥਿਕ ਸਰਵੇਖਣ
  - ➢ ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ
  - ➢ ਪਿੰਡਾਂ ਦੀ ਡਾਇਰੈਕਟਰੀ
  - ➢ ਮਾਸਿਕ ਉਪਭੋਗਤਾ ਭਾਅ ਸੂਚਕਾਂਕ (CPI)
  - ➢ ਉਦਯੋਗਿਕ ਉਤਪਾਦਨ ਦੇ ਸੂਚਕਾਂਕ (IPP)
  - ➢ ਪੰਜਾਬ ਦੇ ਮਿਉਂਸਿਪਲ ਅੰਕੜੇ

ਹ) ਤੁਲਨਾਤਮਿਕ ਟੀਚੇ/ਚਾਲੂ ਸਾਲ ਅਤੇ ਪਿਛਲੇ ਦੋ ਸਾਲਾਂ ਦੇ ਪ੍ਰਦਰਸ਼ਨ (ਵਿਭਾਗ ਦੀ ਭੌਤਿਕ ਅਤੇ ਵਿੱਤੀ ਪ੍ਰਦਰਸ਼ਨ)

| ਲੜੀ ਨੰ: | ਪ੍ਰੋਗਰਾਮ/ਪ੍ਰੋਜੈਕਟ | ਚਾਲੂ ਸਾਲ (ਵਿੱਤੀ ਸਾਲ) 2019-20 | | ਪਿਛਲੇ ਸਾਲ ਦਾ (ਵਿੱਤੀ ਸਾਲ-1) 2018-19 | | ਦੂਸਰੇ ਪਿਛਲੇ ਸਾਲ ਦਾ (ਵਿੱਤੀ ਸਾਲ-2) 2017-18 | |
|---|---|---|---|---|---|---|---|
| | | ਟੀਚੇ | ਪ੍ਰਦਰਸ਼ਨ | ਟੀਚੇ | ਪ੍ਰਦਰਸ਼ਨ | ਟੀਚੇ | ਪ੍ਰਦਰਸ਼ਨ |
| 1 | ਰਾਜ ਆਮਦਨ | ਸਲਾਨਾ | 1. ਆਰਥਿਕਤਾ ਦੇ ਸਾਰੇ 13 ਸੈਕਟਰਾਂ ਦੇ ਰਾਜ ਆਮਦਨ ਅਨੁਮਾਨ ਆਧਾਰ ਸਾਲ 2011-12 ਤੇ ਸਾਲ 2017-18(ਆਰਜ਼ੀ), 2018-19(ਤੁਰੰਤ) ਅਤੇ 2019-20 ਅਗੇਤੇ ਲਈ ਕੁੱਲ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੇ ਅਨੁਮਾਨ ਤਿਆਰ ਕੀਤੇ ਗਏ।<br><br>2. 13ਵੇਂ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ District-wise Cost of Cultivation Study for Important Crops in Punjab" ਦੀ Final Report ਵਿੱਤ ਮੰਤਰੀ ਪੰਜਾਬ ਜੀ ਵਲੋਂ ਪ੍ਰਵਾਨ ਕਰਵਾਉਣ ਉਪਰੰਤ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ। | ਸਲਾਨਾ | ਆਰਥਿਕਤਾ ਦੇ ਸਾਰੇ 13 ਸੈਕਟਰਾਂ ਦੇ ਰਾਜ ਆਮਦਨ ਅਨੁਮਾਨ ਆਧਾਰ ਸਾਲ 2011-12 ਤੇ ਸਾਲ 2016-17(ਆਰਜ਼ੀ), 2017-18(ਤੁਰੰਤ) ਅਤੇ 2018-19(ਅਗੇਤੇ) ਲਈ ਕੁੱਲ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੇ ਅਨੁਮਾਨ ਤਿਆਰ ਕੀਤੇ ਗਏ।<br>2. 13ਵੇਂ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ “District-wise Cost of Cultivation for Important Crops in Punjab” ਦੀ Final ਰਿਪੋਟ ਅਤੇ ਪਾਵਰ ਪੁਆਇੰਟ ਪ੍ਰਜੈਨਟੇਸ਼ਨ ਉੱਚ ਅਧਿਕਾਰੀਆਂ ਦੀ ਪ੍ਰਵਾਨਗੀ ਲਈ ਭੇਜੀ ਗਈ।<br>3. ਗੈਰ ਸਰਕਾਰੀ ਸੰਸਥਾਵਾਂ ਦੀ ਸਰਵੇ ਰਿਪੋਰਟ ਦੀ ਸਾਫਟ ਕਾਪੀ ਸਮੂਹ ਸਬੰਧਤ ਵਿਭਾਗਾਂ ਨੂੰ ਭੇਜੀ ਗਈ। | ਸਲਾਨਾ | 1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਕੁੱਲ ਅਤੇ ਨਿਰੋਲ ਰਾਜ ਘਰੇਲੂ ਆਮਦਨ ਅਨੁਮਾਨ ਨਵੇਂ ਅਧਾਰ ਸਾਲ 2011-12 ਤੇ ਸਥਿਰ ਅਤੇ ਚਾਲੂ ਕੀਮਤਾਂ ਤੇ ਸਾਲ 2015-16 (ਆਰਜੀ) ਅਤੇ 2016-17 (ਤੁਰੰਤ) ਅਤੇ 2017-18 ਲਈ ਅਗੇਤੇ ਅਨੁਮਾਨ ਤਿਆਰ ਕੀਤੇ ਗਏ।<br><br>2. ਜ਼ਿਲ੍ਹਾ-ਵਾਰ ਮੁੱਖ ਫਸਲਾਂ ਦੀ ਕਾਸਟ ਕਲਟੀਵੇਸ਼ਨ ਸਟੱਡੀ ਦੀ ਫਾਈਨਲ ਰਿਪੋਰਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪ੍ਰਾਪਤ ਹੋਣ ਉਪਰੰਤ ਖੇਤੀਬਾੜੀ ਵਿਭਾਗ, ਪੰਜਾਬ ਨੂੰ ਐਕਸਪਰਟ ਵਿਚਾਰਾਂ/ਟਿਪੱਣੀਆਂ ਲਈ ਭੇਜੀ ਗਈ।<br>3. ਪੰਜਾਬ ਵਿਚ ਰਜਿਸਟਰਡ/ ਅਨਰਜਿਸਟਰਡ ਗੈਰ-ਸਰਕਾਰੀ ਸੰਸਥਾਂਵਾਂ ਦੇ ਸਰਵੇ ਦੀ ਫਾਈਨਲ ਰਿਪੋਰਟ ਇੰਸਟੀਟਿਊਟ ਫਾਰ ਡਿਵੈਲਪਮੈਂਟ ਅਤੇ ਕੰਮਯੂਨੀਕੇਸ਼ਨਜ਼ ਤੋਂ ਪ੍ਰਾਪਤ ਕਰਨ ਉਪਰੰਤ ਸਕਰੂਟਨੀ ਕੀਤੀ ਗਈ। |
| 2 | ਪੂੰਜੀ ਨਿਰਮਾਣ | ਸਲਾਨਾ | ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2011-12) ਤੇ ਸਾਲ 2017-18 ਤੱਕ ਤਿਆਰ ਕੀਤੇ ਗਏ। | ਸਲਾਨਾ | ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2011-12) ਤੇ ਸਾਲ 2016-17 ਤੱਕ ਤਿਆਰ ਕੀਤੇ ਗਏ। | ਸਲਾਨਾ | ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2011-12) ਸਾਲ 2015-16 ਤੱਕ ਤਿਆਰ ਕੀਤੇ ਗਏ। |

| | | | | | | | |
|---|---|---|---|---|---|---|---|
| 3 | **ਉਦਯੋਗਿਕ ਅੰਕੜੇ** | ਤਿਮਾਹੀ | | ਤਿਮਾਹੀ | ਆਧਾਰ ਸਾਲ 2011-12=100 ਤੇ ਸਾਲ 2017-18 ਲਈ ਤਿਮਾਹੀ ਅਤੇ ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ ਤਿਆਰ ਕੀਤਾ ਗਿਆ। ਸਾਲ 2018-19 ਲਈ (ਪਹਿਲੇ ਤਿੰਨ ਕੁਆਟਰਾਂ ਤੱਕ) ਤਿਮਾਹੀ ਉਦਯੋਗਿਕ ਉਤਪਾਦਨ ਸੂਚਕ ਅੰਕ ਤਿਆਰ ਕੀਤਾ ਗਿਆ ਤੇ ਚੌਥੇ ਕੁਆਟਰ (31-3-2019) ਦੇ ਸੂਚਕ ਅੰਕ ਦਾ ਕੰਮ ਤਿਆਰੀ ਅਧੀਨ ਹੈ। | ਤਿਮਾਹ ੀ | 1. ਅਧਾਰ ਸਾਲ 2011-12 ਤੇ ਸਾਲ 2012-13 ਤੋਂ ਸਾਲ 2016-17 (ਦੂਜੇ ਕੁਆਰਟਰ ਤੱਕ) 313 ਫੈਕਟਰੀਆਂ ਦਾ ਤਿਮਾਹੀ ਅਤੇ ਸਾਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ ਤਿਆਰ ਕੀਤਾ ਗਿਆ।<br>2. ਚੋਣਵੀਆਂ ਆਈਟਮਾਂ ਲਈ ਨਵੇਂ ਅਧਾਰ ਸਾਲ (2011-12=100) ਤੇ ਸਾਲ 2017-18 ਦੇ (ਪਹਿਲੇ 3 ਕੁਆਟਰਾਂ ਤੱਕ) ਦਾ ਤਿਮਾਹੀ/ ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ ਤਿਆਰ ਕੀਤਾ ਗਿਆ ਅਤੇ ਚੌਥੇ ਕੁਆਟਰ (31.3.18) ਦਾ ਕੰਮ ਪ੍ਰਗਤੀ ਅਧੀਨ ਰਿਹਾ। |
| 4 | **ਲੋਕ ਵਿੱਤ** | ਸਲਾਨਾ | 1. ਪ੍ਰਕਾਸ਼ਨ 'ਰਾਜ ਵਿੱਤ ਤੁਲਨਾਤਮਿਕ ਰੂਪ ਵਿੱਚ' ਸਾਲ 2017-18 ਦੀ ਰਿਪੋਰਟ ਤਿਆਰ ਕੀਤੀ ਗਈ।<br>2. ਪੰਜਾਬ ਸਰਕਾਰ ਦੇ ਬਜੱਟ ਦੀ ਆਰਥਿਕ ਅਤੇ ਪ੍ਰਯੋਜਨ ਸ੍ਰੇਣੀ ਵੰਡ 2017-18 (ਲੇਖੇ), 2018-19(ਸੋਧੇ ਅਨੁਮਾਨ), 2019-20(ਬਜੱਟ ਅਨੁਮਾਨ) ਪ੍ਰਕਾਸ਼ਨ ਤਿਆਰ ਕੀਤੀ ਗਈ।<br>3. ਲੋਕਲ ਬਾਡੀਜ਼ ਅਕਾਊਟਸ ਸਾਲ 2017-18 ਦਾ ਡੈਟਾ ਕੰਪਾਈਲ ਕੀਤਾ ਗਿਆ ਅਤੇ ਸਾਲ 2017-18 ਸਾਰੇ ਪੰਜਾਬ ਲਈ ਤਿਆਰ ਕੀਤਾ ਗਿਆ। ਪ੍ਰਕਾਸ਼ਨ ਲੋਕਲ ਬਾਡੀਜ਼ ਅਕਾਊਂਟਸ ਦੀ ਆਰਥਿਕ ਸ੍ਰੇਣੀ ਵੰਡ ਸਾਲ 2015-16 ਅਤੇ 2016-17 ਤਿਆਰ ਕੀਤੀ ਗਈ। | ਸਲਾਨਾ | 1. ਪ੍ਰਕਾਸ਼ਨ 'ਰਾਜ ਵਿੱਤ ਤੁਲਨਾਤਮਿਕ ਰੂਪ ਵਿੱਚ' ਸਾਲ 2016-17 ਦੀ ਰਿਪੋਰਟ ਤਿਆਰ ਕੀਤੀ ਗਈ।<br>2. ਪੰਜਾਬ ਸਰਕਾਰ ਦੇ ਬਜੱਟ ਦੀ ਆਰਥਿਕ ਅਤੇ ਪ੍ਰਯੋਜਨ ਸ੍ਰੇਣੀ ਵੰਡ 2016-17 (ਲੇਖੇ),2017-18 (ਸੋਧੇ ਅਨੁਮਾਨ), 2018-19 (ਬਜੱਟ ਅਨੁਮਾਨ) ਪ੍ਰਕਾਸ਼ਨ ਦਾ ਕੰਮ ਪ੍ਰਗਤੀ ਅਧੀਨ ਰਿਹਾ।<br>3. ਲੋਕਲ ਬਾਡੀਜ ਅਕਾਊਂਟਸ ਸਾਰੇ ਪੰਜਾਬ ਲਈ ਸਾਲ 2016-17 ਤਿਆਰ ਕੀਤਾ ਗਿਆ। ਲੋਕਲ ਬਾਡੀਜ ਅਕਾਊਂਟਸ ਦੀ ਆਰਥਿਕ ਸ੍ਰੇਣੀ ਵੰਡ ਸਾਲ 2013-14 ਅਤੇ 2014-15 ਤਿਆਰ ਕੀਤੀ ਗਈ। | ਸਲਾਨਾ | 1. 'ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ' ਸਾਲ 2015-16 ਦੀ ਰਿਪੋਰਟ ਤਿਆਰ ਕੀਤੀ।<br>2. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ ਸਾਲ 2015-16 (ਲੇਖੇ), 2016-17 (ਸੋਧੇ) ਅਤੇ 2017-18 (ਬੱਜਟ ਅਨੁਮਾਨ) ਤਿਆਰ ਕੀਤੇ ਗਏ।<br>3. ਲੋਕਲ ਬਾਡੀਜ ਅਕਾਊਂਟਸ ਸਾਰੇ ਪੰਜਾਬ ਲਈ ਸਾਲ 2015-16 ਤਿਆਰ ਕੀਤਾ ਗਿਆ। ਲੋਕਲ ਬਾਡੀਜ ਅਕਾਊਂਟਸ ਦੀ ਆਰਥਿਕ ਸ੍ਰੇਣੀ ਵੰਡ ਸਾਲ 2011-12 ਅਤੇ 2012-13 ਤਿਆਰ ਕੀਤੀ ਗਈ। |

| | | | | | | | |
|---|---|---|---|---|---|---|---|
| | | | | | | | |
| 5 | ਸੰਗ੍ਰਿਹ | ਬੱਜਟ ਡਾਕੂਮੈਂਟ<br><br>ਸਲਾਨਾ | 1. ਪੰਜਾਬ ਦਾ ਅੰਕੜਾ ਸਾਰ ਸਾਲ 2019 ਤਿਆਰ ਕੀਤਾ ਗਿਆ।<br><br>2. ਪੰਜਾਬ ਐਟ ਏ ਗਲਾਂਸ- ਜਿਲ੍ਹਾਵਾਰ ਸਾਲ 2018 ਤਿਆਰ ਕੀਤਾ ਗਿਆ।<br>3. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ<br>(i) 17 ਮੈਨੂਅਲਜ਼ ਦੀ ਸੂਚਨਾ 31.3.2019 ਮੁਤਾਬਕ ਅੱਪਡੇਟ ਕੀਤੀ।<br><br>(ii) ਸਾਲ 2019 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸ਼ਨ ਨੂੰ ਭੇਜੀ ਗਈ।<br><br>(iii) ਸੂਚਨਾ ਦੇ ਅਧਿਕਾਰ ਐਕਟ ਸਬੰਧੀ ਮਿਤੀ 1.1.2019 ਤੋਂ 31.12.2019 ਤਕ 37 ਕੇਸਾਂ ਨੂੰ ਨਿਪਟਾਇਆ ਗਿਆ। | ਬੱਜਟ ਡਾਕੂਮੈਂਟ<br><br>ਸਲਾਨਾ | 1. ਪੰਜਾਬ ਦਾ ਅੰਕੜਾ ਸਾਰ ਸਾਲ 2018 ਤਿਆਰ ਕੀਤਾ ਗਿਆ।<br>2. ਪੰਜਾਬ ਐਟ ਏ ਗਲਾਂਸ- ਜਿਲ੍ਹਾਵਾਰ ਸਾਲ 2017 ਤਿਆਰ ਕੀਤਾ ਗਿਆ।<br>3. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ<br>(i) 17 ਮੈਨੂਅਲਜ਼ ਦੀ ਸੂਚਨਾ 31.3.2018 ਮੁਤਾਬਕ ਅੱਪਡੇਟ ਕੀਤੀ।<br>(ii) ਸਾਲ 2018 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸ਼ਨ ਨੂੰ ਭੇਜੀ ਗਈ।<br>(iii) ਸੂਚਨਾ ਦੇ ਅਧਿਕਾਰ ਐਕਟ ਸਬੰਧੀ ਮਿਤੀ 1.1.2018 ਤੋਂ 31.12.2018 ਤਕ 40 ਕੇਸਾਂ ਨੂੰ ਨਿਪਟਾਇਆ ਗਿਆ। | ਬੱਜਟ ਡਾਕੂਮੈਂਟ<br><br>ਸਲਾਨਾ | 1. ਪੰਜਾਬ ਦਾ ਅੰਕੜਾ ਸਾਰ ਸਾਲ 2016 ਅਤੇ 2017 ਤਿਆਰ ਕੀਤਾ ਗਿਆ।<br>2. ਪੰਜਾਬ ਐਟ ਏ ਗਲਾਂਸ- ਜਿਲ੍ਹਾਵਾਰ ਸਾਲ 2015 ਅਤੇ 2016 ਤਿਆਰ ਕੀਤਾ ਗਿਆ।<br>3. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ<br>(i) 17 ਮੈਨੂਅਲਜ਼ ਦੀ ਸੂਚਨਾ 31.3.2017 ਮੁਤਾਬਕ ਅੱਪਡੇਟ ਕੀਤੀ।<br><br>(ii) ਸਾਲ 2017 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸ਼ਨ ਨੂੰ ਭੇਜੀ ਗਈ।<br><br>(iii) ਸੂਚਨਾ ਦੇ ਅਧਿਕਾਰ ਐਕਟ ਸਬੰਧੀ ਮਿਤੀ 1.1.2017 ਤੋਂ 31.12.2017 ਤਕ 28 ਕੇਸਾਂ ਨੂੰ ਨਿਪਟਾਇਆ ਗਿਆ। |
| 6 | ਕੀਮਤਾਂ | ਮਹੀਨਾ ਵਾਰ | 1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ (ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ) ਲਈ ਇਨਡੈਕਸ ਮਹੀਨਾ ਫਰਵਰੀ, 2019 ਤੋਂ ਜਨਵਰੀ, 2020 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ।<br><br>2. ਓਪਰੇਸ਼ਨਵਾਈਜ/ ਜਿਲ੍ਹਾਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ | ਮਹੀਨਾ ਵਾਰ | 1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ (ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ) ਲਈ ਇਨਡੈਕਸ ਮਹੀਨਾ ਫਰਵਰੀ, 2018 ਤੋਂ ਜਨਵਰੀ, 2019 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ।<br>2. ਓਪਰੇਸ਼ਨਵੀਜ/ ਜਿਲ੍ਹਾਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ ਸਟੇਟਮੈਂਟਸ ਮਹੀਨਾ ਮਾਰਚ, | ਮਹੀਨਾ ਵਾਰ | 1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ(ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ) ਲਈ ਇਨਡੈਕਸ ਮਹੀਨਾ ਫਰਵਰੀ, 2017 ਤੋਂ ਜਨਵਰੀ, 2018 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ।<br><br>2. ਓਪਰੇਸ਼ਨਵਾਈਜ/ ਜਿਲ੍ਹਾਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜਦੂਰੀ ਸਟੇਟਮੈਂਟਸ ਮਹੀਨਾ |

| | | | | | | | |
|---|---|---|---|---|---|---|---|
| | | | ਸਟੇਟਮੈਂਟਸ ਮਹੀਨਾ ਮਾਰਚ, 2019 ਤੋਂ ਫਰਵਰੀ, 2020 ਤੱਕ ਤਿਆਰ ਕੀਤੀ ਗਈ।<br>3. ਜਿਲ੍ਹਾਵਾਰ 22 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਸਬੰਧੀ ਅਪ੍ਰੈਲ 2019 ਤੋਂ ਮਾਰਚ, 2020 ਤੱਕ ਹਫਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਗਈ। | | 2018 ਤੋਂ ਫਰਵਰੀ, 2019 ਤੱਕ ਤਿਆਰ ਕੀਤੀ ਗਈ।<br>3. ਜਿਲ੍ਹਾਵਾਰ 22 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਸਬੰਧੀ ਅਪ੍ਰੈਲ 2018 ਤੋਂ ਮਾਰਚ, 2019 ਤੱਕ ਹਫਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਗਈ। | | ਮਾਰਚ, 2017 ਤੋਂ ਫਰਵਰੀ, 2018 ਤੱਕ ਤਿਆਰ ਕੀਤੀ ਗਈ।<br>3. ਜਿਲ੍ਹਾਵਾਰ 22 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਸਬੰਧੀ ਅਪ੍ਰੈਲ 2017 ਤੋਂ ਮਾਰਚ, 2018 ਤੱਕ ਹਫਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਗਈ। |
| | ਪ੍ਰਧਾਨ ਮੰਤਰੀ ਅਵਾਸ ਯੋਜਨਾ (ਸ਼ਹਿਰੀ) **PMAY(U)** ਪਹਿਲਾਂ ਊਸਾ ਸਕੀਮ ਵਜੋਂ ਜਾਣਿਆ ਜਾਂਦਾ ਸੀ। | ਸਲਾਨਾ | 1. ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ (ਆਧਾਰ ਸਾਲ 2011-12) 2018-19 ਤਿਆਰ ਕੀਤਾ ਗਿਆ ਅਤੇ ਵੈੱਬਸਾਇਟ ਤੇ ਪਲੈਸ ਕੀਤਾ ਗਿਆ।<br>2. HSUI ਦੇ ਅਧੀਨ 9 ਜਿਲ੍ਹਿਆਂ ਦਾ EWS/LIG ਮਕਾਨਾਂ ਦਾ ਸਾਲ 2016-17 ਦਾ ਡੈਟਾ ਤਿੰਨ ਜਿਲਿਆਂ( ਬਟਾਲਾ,ਹੁਸ਼ਿਆਰਪੁਰ ਅਤੇ ਜਲੰਧਰ)ਵਲੋਂ ਡੈਟਾ ਐਂਟਰੀ ਕੀਤੀ ਗਈ। | ਸਲਾਨਾ | 1. ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ (ਆਧਾਰ ਸਾਲ 2011-12) ਸੂਚਕ ਅੰਕ ਸੀਰੀਜ ਦੀ ਸਾਲ 2012-13 ਤੋਂ 2017-18 ਤੱਕ ਦੀ ਸੋਧ ਕੀਤੀ ।<br>2. HSUI ਦੇ ਅਧੀਨ ਚੁਣੇ ਹੋਏ 9 ਜਿਲ੍ਹਿਆਂ ਦਾ ਥਰੁਛੇ:ਜ਼ਭ ਮਕਾਨਾਂ ਦਾ ਸਾਲ 2015-16 ਦਾ ਡੈਟਾ ਇਕੱਤਰ ਕਰਕੇ ਸੰਕਲਨ ਕੀਤਾ ਗਿਆ। | ਸਲਾਨਾ | 1. ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ (ਆਧਾਰ ਸਾਲ 1999-2000) ਸੂਚਕ ਅੰਕ 2017 ਤਿਆਰ ਕੀਤਾ ਗਿਆ।<br>2. HSUI ਦੇ ਅਧੀਨ ਚੁਣੇ ਹੋਏ 9 ਜਿਲ੍ਹਿਆਂ ਦਾ EWS/LIG ਮਕਾਨਾਂ ਦਾ ਸਾਲ 2014-15 ਦਾ ਡੈਟਾ ਇਕੱਤਰ ਕਰਕੇ ਸੰਕਲਨ ਕੀਤਾ ਗਿਆ। |
| 7 | ਫੀਲਡ ਓਪਰੇਸ਼ਨ | ਸਲਾਨਾ | 1. ਪਿੰਡਾਂ ਦੀ ਡਾਇਰੈਕਟਰੀ ਸਾਲ 2017-18 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ PDF ਫਾਰਮੈਟ ਵਿੱਚ ਤਿਆਰ ਕੀਤੀ ਗਈ।<br>2. ਪਿੰਡਾਂ ਦੀ ਡਾਇਰੈਕਟਰੀ ਸਾਲ 2018-19 ਦੇ 7 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕੀਤੀ ਗਈ।<br>3. ਬਲਾਕ ਐਟ ਏ ਗਲਾਂਸ ਸਾਲ 2017-18 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ ਫਾਰਮੈਟ ਵਿਚ ਤਿਆਰ ਕੀਤੀ ਗਈ।<br>4. ਪੰਜਾਬ ਬਨਾਮ | ਸਲਾਨਾ | 1. ਪਿੰਡਾਂ ਦੀ ਡਾਇਰੈਕਟਰੀ ਸਾਲ 2016-17 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ PDF ਫਾਰਮੈਟ ਵਿੱਚ ਤਿਆਰ ਕੀਤੀ ਗਈ।<br>2. ਪਿੰਡਾਂ ਦੀ ਡਾਇਰੈਕਟਰੀ ਸਾਲ 2017-18 ਦੇ 6 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕੀਤੀ ਗਈ।<br>3. ਬਲਾਕ ਐਟ ਏ ਗਲਾਂਸ ਸਾਲ 2016-17 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ | ਸਲਾਨਾ | 1. ਪਿੰਡਾਂ ਦੀ ਡਾਇਰੈਕਟਰੀ ਸਾਲ 2015-16 ਦੇ ਸਮੂਹ ਜਿਲ੍ਹਿਆਂ ਦੀ ਸੂਚਨਾ PDF ਫਾਰਮੈਟ ਵਿੱਚ ਤਿਆਰ ਕੀਤੀ ਗਈ।<br>2. ਪਿੰਡਾਂ ਦੀ ਡਾਇਰੈਕਟਰੀ ਸਾਲ 2016-17 ਦੇ 6 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕੀਤੀ ਗਈ।<br>3. ਬਲਾਕ ਐਟ ਏ ਗਲਾਂਸ ਸਾਲ 2015-16 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ ਫਾਰਮੈਟ ਵਿਚ ਤਿਆਰ ਕੀਤੀ ਗਈ। |

| | | | | | | | |
|---|---|---|---|---|---|---|---|
| | | | ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2016-17 ਤਿਆਰ ਕੀਤੇ ਗਏ। | | ਫਾਰਮੈਟ ਵਿਚ ਤਿਆਰ ਕੀਤੀ ਗਈ।<br>4. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2015-16 ਤਿਆਰ ਕੀਤੇ ਗਏ। | | 4. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2014-15 ਤਿਆਰ ਕੀਤੇ ਗਏ। |
| 8 | **ਕਰਮਚਾਰੀਆਂ ਦੀ ਗਣਨਾ ਅਤੇ ਨਗਰਪਾਲਿਕਾ ਦੇ ਅੰਕੜੇ** | ਸਲਾਨਾ | 1.ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਾਲ 31-3-2018 ਤਿਆਰ ਕੀਤੀ ਗਈ।<br><br>2.ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਾਲ 31-3-2019 ਤਿਆਰ ਜਾ ਰਹੀ ਹੈ ।<br>2. ਨਗਰਪਾਲਿਕਾ ਅੰਕੜਾ ਪੁਸਤਕ ਸਾਲ 2017-18 ਅਤੇ 2018-19 ਤਿਆਰ ਕੀਤੀ ਗਈ ।<br>3.ਇਨਫਰਾਸਟ੍ਰਕਚਰ ਸਟੈਟਿਸਟਿਕਸ 2018 ਤਿਆਰ ਕੀਤੀ ਗਈ। | ਸਲਾਨਾ | 1.ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਾਲ 31-3-2017 ਤਿਆਰ ਕੀਤੀ ਗਈ।<br>ਕਰਮਚਾਰੀਆਂ ਦੀ ਗਣਨਾ ਸਾਲ 31-3-2018 ਪ੍ਰਗਤੀ ਅਧੀਨ ਹੈ।<br>2.ਨਗਰਪਾਲਿਕਾ ਅੰਕੜਾ ਪੁਸਤਕ ਸਾਲ 2016-17 ਤਿਆਰ ਕੀਤੀ ਗਈ ਅਤੇ ਸਾਲ 2017-18 ਪ੍ਰਗਤੀ ਅਧੀਨ ਹੈ।<br>3. ਇਨਫਰਾ ਸਟਰੱਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2016 ਅਤੇ 2017 ਤਿਆਰ ਕੀਤੀ ਗਈ। | ਸਲਾਨਾ | 1. ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਰਿਪੋਰਟ ਬਾਬਤ 31-3-2016 ਤਿਆਰ ਕੀਤੀ ਗਈ ਅਤੇ 31.3.17 ਪ੍ਰਗਤੀ ਅਧੀਨ ਰਹੀ।<br><br>2.ਨਗਰ -ਪਾਲਿਕਾ ਅੰਕੜਾ ਪੁਸਤਕ ਸਾਲ 2016-17 ਪ੍ਰਗਤੀ ਅਧੀਨ ਰਹੀ।<br><br>3. ਇਨਫਰਾ ਸਟਰੱਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2015 ਤਿਆਰ ਕੀਤੀ ਗਈ। |
| 9 | **ਰਾਸ਼ਟਰੀ ਨਮੂਨਾ ਸਰਵੇਖਣ** | ਦਸੰਬਰ, 2019<br><br>77ਵਾਂ ਦੌਰ<br><br>ਦਸੰਬਰ, 2020 78ਵਾਂ ਦੌਰ | 1.ਰਾਸ਼ਟਰੀ ਨਮੂਨਾ ਸਰਵੇਖਣ ਦੇ 77ਵੇਂ ਦੌਰ ਦੇ ਖੇਤਰੀ ਸਰਵੇਖਣ ਲਈ ਅਲਾਟ ਕੀਤੇ ਕੁੱਲ 230 ਸੈਂਪਲਾਂ ਵਿਚੋਂ 146 ਸੈਂਪਲਾਂ(71 ਪੇਂਡੂ ਅਤੇ 75 ਸ਼ਹਿਰੀ) ਦਾ ਸਰਵੇਖਣ ਅਪ੍ਰੈਲ, 2019 ਤੋਂ ਦਸੰਬਰ, 2019 ਦੌਰਾਨ ਸਮੇਂ ਸਿਰ ਮੁਕੰਮਲ ਕੀਤਾ ਗਿਆ ।<br><br>2.ਰਨਸ ਦੇ 78ਵੇਂ ਦੌਰ ਦੇ ਖੇਤਰੀ ਸਰਵੇਖਣ ਦੇ ਸਬ ਦੌਰ-1 (1 ਜਨਵਰੀ 2020 ਤੋਂ 30 ਮਾਰਚ, 2020) ਲਈ ਅਲਾਟ 84(44 ਪੇਂਡੂ +40 ਸ਼ਹਿਰੀ) ਸੈਂਪਲਾਂ ਵਿਚੋਂ 61 (36 ਪੇਂਡੂ+25 ਸ਼ਹਿਰੀ) ਸੈਂਪਲਾਂ ਦਾ ਫੀਲਡ ਸਰਵੇਖਣ ਮੁਕੰਮਲ ਕੀਤਾ | ਦਸੰਬਰ ,2017<br><br>75ਵਾਂ ਦੌਰ<br><br>ਦਸੰਬਰ ,2018 76ਵਾਂ ਦੌਰ | 1. ਰਾਸ਼ਟਰੀ ਨਮੂਨਾ ਸਰਵੇਖਣ 75ਵੇਂ ਦੌਰ ਦੇ ਖੇਤਰੀ ਸਰਵੇਖਣ ਲਈ ਅਲਾਟ ਕੀਤੇ ਗਏ 436 ਸੈਂਪਲਾਂ ਵਿਚੋਂ (ਜੁਲਾਈ, 2017 ਤੋਂ ਜੂਨ, 2018) ਸਬ ਦੌਰ-4 ਲਈ ਅਲਾਟ 109 ਸੈਂਪਲ (55 ਪੇਂਡੂ ਅਤੇ 54 ਸ਼ਹਿਰੀ) ਦਾ ਫੀਲਡ ਸਰਵੇਖਣ ਮੁਕੰਮਲ ਕੀਤਾ ਗਿਆ।<br><br>2.(i) ਮਿਤੀ 1 ਜੁਲਾਈ, 2018 ਤੋਂ 31 ਦਸੰਬਰ, 2018 ਦੌਰਾਨ ਰਨਸ ਦੇ 76ਵੇਂ ਦੌਰ ਦੇ ਕੁੱਲ 200 ਸੈਂਪਲਾਂ (104 ਪੇਂਡੂ | ਦਸੰਬਰ ,2016<br><br>74 ਵਾਂ ਦੌਰ<br><br>75ਵਾਂ ਦੌਰ | 1. ਰਾਸ਼ਟਰੀ ਨਮੂਨਾ ਸਰਵੇਖਣ 74ਵਾਂ ਦੌਰ (ਸਰਵਿਸ ਸੈਕਟਰ) ਦੇ ਸਰਵੇਖਣ ਲਈ ਭਾਰਤ ਸਰਕਾਰ ਵਲੋਂ ਅਲਾਟ ਕੀਤੇ MCA ਦੇ 1032 ਯੂਨਿਟਾਂ ਵਿਚੋਂ ਰਹਿੰਦੀ ਸੂਚਨਾ ਅਤੇ/ EC and BR ਦੇ 690 ਯੂਨਿਟਾਂ ਦੀ ਸੂਚਨਾ ਇਕੱਤਰ ਕੀਤੀ ਗਈ।<br><br>2. ਰਾਸ਼ਟਰੀ ਨਮੂਨਾ ਸਰਵੇਖਣ 75ਵੇ ਦੌਰ ਦੇ ਖੇਤਰੀ ਸਰਵੇਖਣ ਲਈ ਅਲਾਟ ਕੀਤੇ 436 ਸੈਂਪਲਾਂ ਵਿਚੋਂ ਪਹਿਲੇ ਤਿੰਨ ਸਬ ਦੌਰ ਲਈ 327 ਸੈਂਪਲ (165 ਪੇਂਡੂ ਅਤੇ 162 ਸ਼ਹਿਰੀ) ਦਾ ਖੇਤਰੀ ਸਰਵੇਖਣ |

| | | | | | | | |
|---|---|---|---|---|---|---|---|
| | | | ਗਿਆ।ਬਾਕੀ ਰਹਿੰਦੇ 23 ਸੈਂਪਲ ਕੋਵਿਡ-19 ਮਹਾਂਮਾਰੀ ਕਾਰਨ ਲਗਾਏ ਗਏ ਲਾਕਡਾਊਨ ਕਾਰਨ ਮੁਕੰਮਲ ਨਹੀਂ ਹੋਏ।<br><br>3.ਸਾਲ 2019-20 ਦੌਰਾਨ ਕੇਂਦਰੀ ਅੰਕੜਾ ਸੰਗਠਨ ਅਤੇ ਜਿਲ੍ਹਾ ਅੰਕੜਾ ਦਫਤਰਾਂ ਦੇ ਅਧਿਕਾਰੀਆਂ / ਕਰਮਚਾਰੀਆਂ ਨਾਲ ਸਾਂਝੇ ਤੌਰ ਤੇ 5 ਸੈਂਟਰਲ ਸੈਂਪਲ ਅਤੇ 5 ਰਾਜ ਦੇ ਸੈਂਪਲਾਂ ਦੀ ਜੁਆਇੰਟ ਇਨਸਪੈਕਸ਼ਨ ਕੀਤੀ ਗਈ।<br><br>4. 77ਵੇਂ ਦੌਰ ਦੌਰਾਨ ਸਮੂਹ ਜਿਲ੍ਹਾ ਅੰਕੜਾ ਦਫਤਰ ਵਲੋਂ 230 ਸੈਂਪਲਾਂ ਦੀ ਡਾਟਾ ਐਂਟਰੀ ਮਕੁੰਮਲ ਕੀਤੀ ਗਈ। | | ਅਤੇ 96 ਸ਼ਹਿਰੀ) ਦੇ ਫੀਲਡ ਸਰਵੇਖਣ ਦਾ ਕੰਮ ਮੁਕੰਮਲ ਕੀਤਾ ਗਿਆ।<br><br>3. ਸਾਲ 2018-19 ਦੌਰਾਨ ਕੇਂਦਰੀ ਅੰਕੜਾ ਸੰਗਠਨ ਅਤੇ ਜਿਲ੍ਹਾ ਅੰਕੜਾ ਦਫਤਰਾਂ ਦੇ ਅਧਿਕਾਰੀਆਂ /ਕਰਮਚਾਰੀਆਂ ਨਾਲ ਸਾਂਝੇ ਤੌਰ ਤੇ 3 ਸੈਂਟਰਲ ਸੈਂਪਲ ਅਤੇ 3 ਰਾਜ ਦੇ ਸੈਂਪਲਾਂ ਦੀ ਜੁਆਇੰਟ ਇਨਸਪੈਕਸ਼ਨ ਕੀਤੀ ਗਈ।<br><br>4. ਰਨਸ ਦੇ 77ਵੇਂ ਦੌਰ ਦੇ ਖੇਤਰੀ ਸਰਵੇਖਣ ਦੇ ਸਬ ਦੌਰ-1 (1 ਜਨਵਰੀ 2019 ਤੋਂ 30 ਅਪ੍ਰੈਲ, 2019) ਲਈ ਅਲਾਟ 115 ਸੈਂਪਲਾਂ ਵਿਚੋਂ 84 (51 ਪੇਂਡੂ+33 ਸ਼ਹਿਰੀ) ਸੈਂਪਲਾਂ ਦਾ ਫੀਲਡ ਸਰਵੇਖਣ ਮੁਕੰਮਲ ਕੀਤਾ ਗਿਆ। (ii) 76ਵੇਂ ਦੌਰ ਦੌਰਾਨ ਸਮੂਹ ਜਿਲ੍ਹਾ ਅੰਕੜਾ ਦਫਤਰ ਵਲੋਂ 200 ਸੈਂਪਲਾਂ ਦੀ ਡਾਟਾ ਐਂਟਰੀ ਕਰਵਾਈ ਗਈ। | | ਮਕੁੰਮਲ ਕੀਤਾ ਗਿਆ।<br><br>3. ਰਾਸ਼ਟਰੀ ਨਮੂਨਾ ਸਰਵੇਖਣ ਦੇ 75ਵੇਂ ਦੌਰ ਦੇ ਪਹਿਲੇ ਤਿੰਨ ਸਬ ਦੌਰਾਂ ਲਈ ਐਨ.ਐਸ.ਐਸ.ਓ., ਭਾਰਤ ਸਰਕਾਰ ਅਤੇ ਡੀ.ਈ.ਐਸ. ਪੰਜਾਬ ਦੇ ਅਧਿਕਾਰੀਆਂ/ ਕਰਮਚਾਰੀਆਂ ਵਲੋਂ 6 ਰਾਜ ਸੈਂਪਲਾਂ ਅਤੇ 6 ਕੇਂਦਰੀ ਸੈਂਪਲਾਂ ਦੀ ਜੁਆਇੰਟ ਇਨਸਪੈਕਸ਼ਨ ਕੀਤੀ ਗਈ। |
| 10 | ਟੈਬੂਲੇਸ਼ਨ | | 1. ਰਨਸ ਦੇ 75ਵੇਂ ਦੌਰ ਦੇ ਬਾਕੀ ਰਹਿੰਦੇ 394 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।<br><br>2.ਰਨਸ ਦੇ 76ਵੇਂ ਦੌਰ ਦੇ ਸੈਂਪਲਾਂ ਦੀ ਵੈਲੀਡੇਸ਼ਨ ਅਤੇ submission ਪ੍ਰੋਸੈਸ ਨੂੰ ਮੁਕੰਮਲ ਕੀਤਾ ਗਿਆ। | ਟੀਚਾ ਨਿਰਧਾਰਤ ਨਹੀਂ। | 1. ਰਨਸ ਦੇ 75ਵੇਂ ਦੌਰ ਦੇ ਅਲਾਟ ਕੀਤੇ ਕੁੱਲ 436 ਸੈਂਪਲਾਂ ਵਿਚੋਂ ਬਾਕੀ ਰਹਿੰਦੇ 42 ਸੈਂਪਲਾਂ ਦੀ ਡਾਟਾ ਐਂਟਰੀ ਕੀਤੀ ਗਈ।<br><br>2. ਰਨਸ ਦੇ 74ਵੇਂ ਦੌਰ ਦੇ 1722 ਯੂਨਿਟਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਮੁਕੰਮਲ ਕੀਤੀ ਗਈ।<br>3. ਰਨਸ ਦੇ 69ਵੇਂ ਦੌਰ ਦੇ "ਡਰਿੰਕਿੰਗ | ਟੀਚਾ ਨਿਰਧਾਰਤ ਨਹੀਂ। | 1. ਰਨਸ ਦੇ 73ਵੇਂ ਦੌਰ ਲਈ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ। ਰਨਸ ਦੇ 74ਵੇਂ ਦੌਰ ਦੀ ਡਾਟਾ ਐਂਟਰੀ ਪ੍ਰਗਤੀ ਅਧੀਨ ਰਹੀ।<br><br>2. ਰਨਸ ਦੇ 68ਵੇਂ ਦੌਰ ਦੀ ਕੇਂਦਰੀ/ਰਾਜ ਸਰਕਾਰ ਡਾਟਾ ਪੂਲਿੰਗ ਦੀ ਰਿਪੋਰਟ expert comments ਲਈ ਭੇਜੀ ਗਈ।<br>3. ਰਨਸ ਦੇ 69ਵੇਂ |

| | | | | | | | |
|---|---|---|---|---|---|---|---|
| | | | | | ਵਾਟਰ, ਸੈਨੀਟੇਸ਼ਨ, ਹਾਈਜਨ, ਹਾਊਸਿੰਗ ਕੰਡੀਸ਼ਨ" ਕੇਂਦਰ/ਰਾਜ ਦੇ ਸੈਂਪਲ ਡਾਟੇ ਦੀ ਪੂਲਿੰਗ ਦੀ ਡਰਾਫਟ ਰਿਪੋਰਟ ਤਿਆਰ ਕੀਤੀ ਗਈ।<br><br>4. ਰਨਸ ਦੇ 71ਵੇਂ ਦੌਰ ਦੀ "ਸੋਸ਼ਲ ਕੰਨਜਪਸ਼ਨ ਆਨ ਹੈਲਥ" ਦੀ ਸਟੇਟ ਰਿਪੋਰਟ ਤਿਆਰ ਕੀਤੀ ਗਈ। | | ਦੌਰ ਦੀ ਕੇਂਦਰੀ/ਰਾਜ ਦੇ "ਡਰਿੰਕਿੰਗ ਵਾਟਰ, ਸੈਨੀਟੇਸ਼ਨ, ਹਾਈਜਨ, ਹਾਊਸਿੰਗ ਕੰਡੀਸ਼ਨ" ਦੀ ਰਿਪੋਰਟ ਤਿਆਰੀ ਅਧੀਨ ਰਹੀ।<br><br>4. ਰਨਸ ਦੇ 71ਵੇਂ ਦੌਰ ਦੀ "ਸੋਸ਼ਲ ਕੰਨਜਪਸ਼ਨ ਆਨ ਹੈਲਥ" ਦੀ ਰਿਪੋਰਟ ਤਿਆਰੀ ਅਧੀਨ ਰਹੀ। |
| 11 | **ਆਰਥਿਕ ਗਣਨਾ** | | 1) ਸਟੈਟਿਸਟਿਕਸ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲੇ,ਭਾਰਤ ਸਰਕਾਰ ਵੱਲੋਂ ਕਾਮਨ ਸਰਵਿਸ ਸੈਂਟਰ ਈ੍ ਗਵਰਨੈਂਸ ਪ੍ਰਾਈਵੇਟ ਲਿਮਟਿਡ ਦੀ ਚੌਣ 7ਵੀਂ ਆਰਥਿਕ ਦੇ ਫੀਡਲ ਵਰਕ ਲਈ ਕੀਤਾ ਗਿਆ ।<br>2) 7ਵੀਂ ਆਰਥਿਕ ਗਣਨਾ ਦਾ ਫੀਲਡ ਵਰਕ ਪੰਜਾਬ ਰਾਜ ਵਿੱਚ ਅਗਸਤ 2019 ਤੋਂ ਸੁਰੂ ਕਰਵਾ ਦਿੱਤਾ ਗਿਆ ਹੈ।<br>3) ਕਾਮਨ ਸਰਵਿਸ ਸੈਂਟਰ ਵੱਲੋਂ ਪੰਜਾਬ ਰਾਜ ਵਿੱਚ 7ਵੀਂ ਆਰਥਿਕ ਗਣਨਾ ਦਾ 80%ਫੀਲਡ ਸਰਵੇਖਣ ਅਤੇ ਕੁਲ ਫੀਲਡ ਸਰਵੇਖਣ ਦਾ 60% ਸੁਪਰਵੀਜ਼ਨ ਵਰਕ ਮੁੱਖ-ਦਫਤਰ ਤੇ ਸਮੂਹ ਜਿਲ੍ਹਾ ਅੰਕੜਾ ਦਫਤਰਾਂ ਦੇ ਅਧਿਕਾਰੀ/ਕਰਮਚਾਰੀਆਂ ਵੱਲੋਂ ਮਾਰਚ,2020 ਤੱਕ ਮੁਕੰਮਲ ਕਰ ਲਿਆ ਗਿਆ ਹੈ। | | - | | 7ਵੀਂ ਆਰਥਿਕ ਗਣਨਾ ਤੇ ਮੁੱਢਲੀ ਮੀਟਿੰਗ ਅਟੈਂਡ ਕੀਤੀ ਗਈ ਅਤੇ ਸ਼ੁਰੂਆਤੀ ਕੰਮ ਹੱਥ ਵਿਚ ਲਿਆ ਗਿਆ। |
| 12 | **20-ਨੁਕਾਤੀ ਪ੍ਰੋਗਰਾਮ** | | 1. 20 ਨੁਕਾਤੀ ਪ੍ਰੋਗਰਾਮ ਦੀ ਸਾਲ 2019-20 ਲਈ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਨ ਉਪਰੰਤ ਸਕਰੂਟਨੀ ਕਰਕੇ ਤਿਆਰ ਕੀਤੀ ਗਈ ਅਤੇ ਮਨਿਸਟਰੀ ਆਫ ਸਟੈਟਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ | ਤਿਮਾਹੀ | 1. 20 ਨੁਕਾਤੀ ਪ੍ਰੋਗਰਾਮ ਦੀ ਸਾਲ 2018-19 ਲਈ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਨ ਉਪਰੰਤ ਸਕਰੂਟਨੀ ਕਰਕੇ ਤਿਆਰ ਕੀਤੀ ਗਈ ਅਤੇ | ਤਿਮਾਹੀ | 1. 20 ਨੁਕਾਤੀ ਪ੍ਰੋਗਰਾਮ ਦੀ ਸਾਲ 2017-18 ਲਈ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਨ ਉਪਰੰਤ ਸਕਰੂਟਨੀ ਕਰਕੇ ਤਿਆਰ ਕੀਤੀ ਗਈ ਅਤੇ ਮਨਿਸਟਰੀ ਆਫ ਸਟੈਟਸਟਿਕਸ |

| | | | | | | | |
|---|---|---|---|---|---|---|---|
| | | | ਸਰਕਾਰ ਨੂੰ ਭੇਜੀ ਗਈ।<br><br>2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2019-20(ਅਪ੍ਰੈਲ ਤੋ ਦਸੰਬਰ, 2019) ਲਈ ਮਹੀਨਾ/ਤਿਮਾਹੀ ਵਾਰ ਸਟੇਟਮੈਂਟ ਜਿਸ ਵਿਚ ਭੌਤਿਕ ਟੀਚੇ ਅਤੇ ਪ੍ਰਾਪਤੀਆਂ ਸ਼ਾਮਲ ਹਨ, ਤਿਆਰ ਕੀਤੀ ਗਈ। | | ਮਨਿਸਟਰੀ ਆਫ ਸਟੈਟਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਗਈ।<br>2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2018-19 (ਅਪ੍ਰੈਲ ਤੋ ਦਸੰਬਰ, 2018) ਲਈ ਮਹੀਨਾ/ਤਿਮਾਹੀਵਾਰ ਸਟੇਟਮੈਂਟ ਜਿਸ ਵਿਚ ਭੌਤਿਕ ਟੀਚੇ ਅਤੇ ਪ੍ਰਾਪਤੀਆਂ ਸ਼ਾਮਲ ਹਨ, ਤਿਆਰ ਕੀਤੀ ਗਈ। | | ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਗਈ।<br><br>2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2017-18 (ਅਪ੍ਰੈਲ ਤੋ ਦਸੰਬਰ, 2017) ਲਈ ਮਹੀਨਾ/ਤਿਮਾਹੀਵਾਰ ਸਟੇਟਮੈਂਟ ਜਿਸ ਵਿਚ ਭੌਤਿਕ ਟੀਚੇ ਅਤੇ ਪ੍ਰਾਪਤੀਆਂ ਸ਼ਾਮਲ ਹਨ, ਤਿਆਰ ਕੀਤੀ ਗਈ। |
| 13 | ਐਮ.ਪੀ. ਲੈਡਜ਼ | | 1. ਕੁੱਲ 23 ਕਿਸ਼ਤਾਂ (16 ਕਿਸ਼ਤਾਂ 16ਵੀਂ ਅਤੇ 17ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 7 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 57.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਸਾਲ 2019-20 ਲਈ ਜਾਰੀ ਕਰਵਾਈ ਗਈ।<br><br>2. ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ। | ਟੀਚਾ ਨਿਰਧਾਰਤ ਨਹੀਂ। | 1. ਕੁੱਲ 17 ਕਿਸ਼ਤਾਂ (12 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 5 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 42.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਸਾਲ 2018-19 ਲਈ ਜਾਰੀ ਕਰਵਾਈ ਗਈ।<br>2. ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ। | ਟੀਚਾ ਨਿਰਧਾਰਤ ਨਹੀਂ। | 1. ਕੁੱਲ 35 ਕਿਸ਼ਤਾਂ (24 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 11 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 87.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਸਾਲ 2017-18 ਲਈ ਜਾਰੀ ਕਰਵਾਈ ਗਈ।<br><br>2. ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ। |
| 14 | ਆਰਥਿਕ ਸਰਵੇਖਣ | | ਪੰਜਾਬ ਦਾ ਆਰਥਿਕ ਸਰਵੇਖਣ ਸਾਲ 2019-20 ਤਿਆਰ ਕੀਤਾ ਗਿਆ। | ਬੱਜਟ ਡਾਕੂਮੈਂਟ | ਪੰਜਾਬ ਦਾ ਆਰਥਿਕ ਸਰਵੇਖਣ ਸਾਲ 2018-19 ਤਿਆਰ ਕੀਤਾ ਗਿਆ। | ਬੱਜਟ ਡਾਕੂਮੈਂਟ | ਪੰਜਾਬ ਦਾ ਆਰਥਿਕ ਸਰਵੇਖਣ ਸਾਲ 2016-17 ਅਤੇ 2017-18 ਤਿਆਰ ਕੀਤਾ ਗਿਆ। |
| 15 | ਜ਼ੀ.ਆਈ.ਐਸ | | 1. ਨੈਸ਼ਨਲ ਸੈਂਟਰ ਆਫ਼ ਜੀ.ਓ. ਇਨਫਾਰਮੈਟਿਕਸ ਦੇ ਸਹਿਯੋਗ ਨਾਲ ਹੇਠ ਲਿਖੇ ਦੋ ਜੀ.ਆਈ.ਐਸ. ਵੈਬ ਪੋਰਟਲ ਤਿਆਰ ਕੀਤੇ ਗਏ ਹਨ:-<br>(ੲ). ਪੰਜਾਬ | | 1. ਸਕੂਲਜ, ਕਾਲਜ, ਤਕਨੀਕੀ ਸਿਖਿਆ, ਐਨੀਮਲ ਹਸਬੈਂਡਰੀ, ਵਾਟਰ ਰਿਸੋਰਸਜ਼, ਹੈਲਥ ਅਤੇ ਸੇਵਾ ਕੇਂਦਰ ਦਾ ਜੀ.ਆਈ.ਐਸ. ਡਾਟਾ ਬੇਸ ਅਪਡੇਟ | | i) ਸੇਵਾ ਕੇਂਦਰਾ, ਐਨੀਮਲ ਹਸਬੈਂਡਰੀ, ਐਮ.ਪੀ.ਲੈਡ (5 ਜ਼ਿਲ੍ਹੇ), ਮਨਰੇਗਾ (5 ਜ਼ਿਲ੍ਹੇ) ਅਤੇ ਕਨਾਲ ਦੇ ਜੀ.ਆਈ.ਐਸ. ਦੇ ਡਾਟਾ ਬੇਸ ਦਾ ਕੰਮ ਅੰਤਿਮ ਕੀਤਾ ਗਿਆ। |

| | | | | | | | | |
|---|---|---|---|---|---|---|---|---|
| | | | ਜੀ.ਆਈ.ਐਸ. ਇਸ ਵੈਬ ਪੋਰਟਲ ਵਿੱਚ ਪਸ਼ੂ ਪਾਲਣ, ਖੇਤੀਬਾੜੀ, ਜਨਗਣਨਾ, ਕਾਲਜ, ਚੋਣਾਂ, ਸਿਹਤ, ਐਮ.ਪੀ.ਲੈਡ, ਮਾਨਰੇਗਾ, ਸਕੂਲ, ਸੇਵਾ ਕੇਂਦਰ, ਤਕਨੀਕੀ ਸਿਖਿਆ, ਸੈਰ-ਸਪਾਟਾ, ਜਲ ਸਰੋਤ ਅਤੇ ਵੈਟਲੈਂਡਜ਼ ਆਦਿ ਦਾ ਜੀ.ਆਈ. ਐਸ. ਡਾਟਾ ਬੇਸ ਸ਼ਾਮਲ ਹੈ। (ਬੀ). ਵਿਲੇਜ਼ ਜੀ.ਆਈ. ਐਸ. ਇਸ ਵੈਬ ਪੋਰਟਲ ਵਿੱਚ ਸਾਲ 2015-16, 2016-17 ਅਤੇ 2017-18 ਲਈ ਵਿਲੇਜ਼ ਡਾਇਰੈਕਟਰੀ ਵਿੱਚ ਸ਼ਾਮਲ ਵੱਖ-ਵੱਖ ਇੰਡੀਕੇਟਰਾਂ ਦਾ ਪਿੰਡ ਵਾਰ ਜੀ.ਆਈ.ਐਸ ਡਾਟਾਬੇਸ ਸ਼ਾਮਲ ਹੈ।<br>2. ਐਕਸ਼ਨ ਪਲਾਨ ਦੇ ਅਨੁਸਾਰ ਰਾਜ ਸਭਾ ਲਈ ਐਮ.ਪੀ.ਲੈਡ ਜੀ.ਆਈ.ਐਸ. (1993-94 ਤੋਂ 2015-16 ਤੱਕ) ਮੁਕੰਮਲ ਕੀਤਾ ਗਿਆ।<br>3. ਬਿਮਾਰੀਆਂ (ਗਰਭ ਅਵਸਥਾ ਅਤੇ ਜਨਮ, ਮਲੇਰੀਆ, ਡੇਂਗੂ ਅਤੇ ਗੈਰ-ਸੰਚਾਰੀ ਬਿਮਾਰੀ) ਦਾ ਜੀ.ਆਈ.ਐਸ. ਡਾਟਾਬੇਸ ਤਿਆਰ ਕੀਤਾ ਗਿਆ।<br>4. ਪੰਜਾਬ ਦਾ ਟੈਪੋਗ੍ਰਾਫੀ ਡਾਟਾ ਤਿਆਰ ਕੀਤਾ।<br>5. ਪੰਜਾਬ ਦੇ ਕਣਕ ਅਤੇ ਚਾਵਲ ਦਾ ਖੇਤਰ, ਉਤਪਦਾਨ ਅਤੇ ਝਾੜ ਜੀ.ਆਈ. ਐਸ. ਅਧੀਨ (1981- 2018 ਤੱਕ ਦੇ ਸਾਲਾਂ ਲਈ) ਲਿਆਂਦਾ ਗਿਆ ਹੈ।<br>6. ਸਾਲ 2017-18 ਲਈ ਵਿਲੇਜ਼ ਡਾਇਰੈਕਟਰੀ ਵਿੱਚ ਸ਼ਾਮਲ ਵੱਖ-ਵੱਖ ਇੰਡੀਕੇਟਰਾਂ ਦੇ ਅੰਕੜਿਆਂ ਨੂੰ ਜੀ. ਆਈ.ਐਸ ਅਧੀਨ ਪਿੰਡ ਦੀ ਸੀਮਾ ਨਾਲ ਜ਼ੋੜਿਆ ਗਿਆ ਹੈ। | | ਕਰਕੇ ਫਾਈਨਲ ਕੀਤਾ ਗਿਆ । ਲੋਕ ਸਭਾ ਲਈ ਐਮ.ਪੀ.ਲੈਡਜ ਅਤੇ ਮਨਰੇਗਾ ਜੀ.ਆਈ.ਐਸ. ਐਕਸ਼ਨ ਪਲਾਨ ਅਨੁਸਾਰ ਮੁਕੰਮਲ ਕੀਤੇ ਗਏ।<br>2. ਵੈਬ ਜੀ.ਆਈ.ਐਸ. ਦੇ ਮੁਕੰਮਲ ਥੀਮ ਜ਼ੋ ਕਿ ਐਕਸ਼ਨ ਪਲਾਨ ਵਿੱਚ ਸ਼ਾਮਲ ਸਨ, ਤਿਆਰ ਕੀਤੇ ਗਏ। | | 2. ਸਿੱਖਿਆ, ਸਿਹਤ, ਸਿੰਜਾਈ ਅਤੇ ਐਨੀਮਲ ਹਸਬੈਂਡਰੀ ਦੇ ਵੈਬ ਜੀ.ਆਈ.ਐਸ. ਤਿਆਰ ਕਰਨ ਦਾ ਕੰਮ ਪ੍ਰਗਤੀ ਅਧੀਨ ਰਿਹਾ। |

4. ਸੰਸਥਾਗਤ ਸਵੋਟ ਵਿਸ਼ਲੇਸ਼ਣ

- **ਸਮਰਥਾਵਾਂ:**

ਰਾਜ ਵਿਚ ਬਲਾਕ ਪੱਧਰ ਤੱਕ ਅੰਕੜਾਤਮਕ ਮਸ਼ੀਨਰੀ ਉਪਲਬੱਧ ਹੈ ਜ਼ੋ ਮਹਤੱਵਪੂਰਨ ਸਮਾਜਿਕ-ਆਰਥਿਕ ਸੂਚਕਾਂ ਤੇ ਹੇਠਲੇ ਪੱਧਰ ਦਾ ਡੈਟਾ ਇਕੱਤਰ ਕਰਨ ਦੀ ਪਹੁੰਚ ਯਕੀਨੀ ਬਣਾਉਂਦਾ ਹੈ।

- **ਕਮਜੋਰੀਆਂ**

ਨਵੀਨ ਇਨਫਰਮੇਸ਼ਨ ਟੈਕਨੋਲੋਜੀ ਅਤੇ ਮੈਥਾਡੋਲੋਜੀ ਨੂੰ ਅਪਨਾਉਣ ਦੀ ਰਫਤਾਰ ਘੱਟ ਹੋਣੀ ਅਤੇ ਇਸ ਲਈ ਸਹਾਇਕ ਆਈ.ਟੀ. ਬੁਨਿਆਦੀ ਢਾਂਚੇ ਦਾ ਜ਼ਰੂਰਤ ਤੋਂ ਘੱਟ ਹੋਣਾ।

- **ਮੌਕੇ**

ਵੱਖ-ਵੱਖ ਅੰਕੜਾਤਮਕ ਗਤੀਵਿਧੀਆਂ ਵਿਚ ਸੀ.ਐਸ.ਓ ਦਾ ਲਗਾਤਾਰ ਮਾਰਗਦਰਸ਼ਨ।
ਕਈਂ ਸਕੀਮਾਂ ਲਈ 100% ਫੰਡ ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ।
ਯੂਨੀਵਰਸਿਟੀਆਂ ਅਤੇ ਅਕਾਦਮਿਕ ਸੰਸਥਾਂਵਾਂ ਨਾਲ ਗੱਲਬਾਤ ਰਾਹੀਂ ਡੈਟੇ ਵਿਚ ਸੁਧਾਰ ਕਰਨਾ।

- **ਖਤਰੇ ਅਤੇ ਖਦਸ਼ੇ:**

i) ਮਨੁੱਖੀ ਸ਼ਕਤੀ ਦੀ ਬਹੁਤ ਘਾਟ ਆਮ ਕਰਕੇ ਅਤੇ ਗੁਣਵੱਤਾ ਦੀ ਵਿਸ਼ੇਸ਼ ਕਰਕੇ।ਆਊਟਸੋਰਸ ਅਤੇ ਠੇਕਾ ਅਧਾਰਤ ਸਟਾਫ ਤੇ ਨਿਰਭਰਤਾ। ਬਦਲਦੀਆਂ ਲੋੜਾਂ ਅਨੁਸਾਰ ਮਾਹਿਰਾਂ ਦੀ ਗੈਰ ਉਪਲਬੱਧਤਾ ਜਿਵੇਂ ਕਿ ਆਈ.ਟੀ ਅਤੇ ਕਾਨੂੰਨੀ ਮਾਹਿਰ।

ii) ਸਮੇਂ ਸਿਰ ਅਤੇ ਸਹੀ ਡੈਟਾ ਇਕੱਠਾ ਕਰਨਾ ਸਭ ਤੋਂ ਵੱਡੀ ਮਹਤੱਵਪੂਰਨ ਚੁਣੌਤੀ ਹੈ ਕਿਉਂਕਿ ਡੈਟਾ ਪ੍ਰਦਾਨ ਕਰਨ ਵਾਲੇ ਜਵਾਬਦੇਹ ਨਹੀਂ ਹੁੰਦੇ ਅਤੇ ਲਾਈਨ ਵਿਭਾਗਾਂ ਵਲੋਂ ਡੈਟਾ ਇਕੱਤਰ ਕਰਨ ਨੂੰ ਘੱਟ ਮਹਤੱਤਾ ਦਿੱਤੀ ਜਾ ਰਹੀ ਹੈ।
iii) ਲਾਈਨ ਵਿਭਾਗਾਂ ਵਿਚ ਪੇਸ਼ੇਵਾਰਾਨਾ ਲਾਈਨਾਂ ਤੇ ਡੈਟਾ ਪ੍ਰਦਾਨ ਕਰਨ ਲਈ ਅੰਕੜਾਤਮਕ ਕਰਮਚਾਰੀਆਂ ਦੀ ਘਾਟ ਹੈ।

iv) ਹੁਨਰਮੰਦ ਅਤੇ ਪੇਸ਼ੇਵਰ ਆਈ.ਟੀ ਮਾਹਿਰਾਂ ਦੀ ਕਮੀ।

**ਏ) ਸਰਵੇ ਦੇ ਨਤੀਜਿਆਂ, ਗਤੀਵਿਧੀਆਂ ਦੇ ਮਾਪਦੰਡਾਂ ਅਤੇ ਤੁਹਾਡੇ ਪ੍ਰੋਗਰਾਮ ਅਤੇ ਸੇਵਾਵਾਂ ਤੋਂ ਵਾਧੂ ਮੁਲਾਂਕਣ ਮੈਟਰਿਕਸ ਦੇ ਨਤੀਜਿਆਂ ਦਾ ਸਾਰ ਪੇਸ਼ ਕਰਨਾ।**

ESO ਨੇ ਤੀਜੀ ਧਿਰ ਤੋਂ ਐਮ.ਪੀ.ਲੈਡਜ਼ ਅਧੀਨ ਕੀਤੇ ਗਏ ਕੰਮ ਦਾ ਨਿਰੀਖਣ ਕਰਵਾਇਆ। ਖੇਤੀ ਵਿੱਤ ਕਾਰਪੋਰੇਸ਼ਨ ਨੇ ਪੰਜ ਪੜਾਵਾਂ ਵਿਚ, ਹਰੇਕ ਪੜਾਅ ਵਿਚ 4 ਜਿਲ੍ਹੇ ਕਵਰ ਕਰਕੇ ਇਹ ਨਿਰੀਖਣ ਕਰਵਾਇਆ। ਇਸਨੇ 4 ਪੜਾਵਾਂ, ਜਿਸ ਵਿਚ 16 ਜਿਲ੍ਹੇ ਸ਼ਾਮਲ ਹਨ, ਦੀਆਂ ਰਿਪੋਰਟਾਂ ਪਹਿਲਾਂ ਹੀ ਪੇਸ਼ ਕਰ ਦਿਤੀਆਂ ਹਨ ਅਤੇ ਪੰਜਵਾਂ ਪੜਾਅ ਜਿਸ ਵਿਚ 6 ਜਿਲ੍ਹੇ ਸ਼ਾਮਲ ਹਨ, ਦਾ ਕੰਮ ਪ੍ਰਗਤੀ ਅਧੀਨ ਹੈ।ਇਸ ਨੇ ਐਮ.ਪੀ.ਲੈਡਜ਼ ਦੇ ਲਾਗੂ ਕਰਨ ਵਿਚ ਸੁਧਾਰ ਲਈ ਸਿਫਾਰਸ਼ ਕੀਤੀ ਹੈ, ਜ਼ੋ ਕਿ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪਾਲਣਾ ਲਈ ਜਾਰੀ ਕੀਤੀ ਜਾ ਚੁੱਕੀ ਹੈ।ਇਸ ਨਾਲ ਸਕੀਮ ਵਿਚ ਸੁਧਾਰ ਹੋਏ ਹਨ ਅਤੇ ਜਿਲ੍ਹਾ ਅਥਾਰਟੀਆਂ ਫੰਡਾਂ ਦੀ ਪ੍ਰਵਾਨਗੀ ਅਤੇ ਸੰਭਾਵੀ ਆਡਿਟ ਇਤਰਾਜ਼ਾਂ ਅਤੇ ਬੇਨਾਮੀਆਂ ਲਈ ਵਧੇਰੇ ਸੁਚੇਤ ਹੋ ਗਈਆਂ ਹਨ।

**ਸ) ਵਿਭਾਗੀ ਕੰਮ-ਕਾਜ ਨੂੰ ਸੁਧਾਰਣ ਲਈ ਵਿਸ਼ੇਸ਼ ਯਤਨ/ਕਾਰਜ ਪ੍ਰਣਾਲੀ**

ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਐਮ.ਪੀ.ਲੈਡਜ਼ ਤੇ ਤੀਜੀ ਧਿਰ ਦੀਆਂ ਨਿਰੀਖਣ ਰਿਪੋਰਟਾਂ ਜਾਰੀ ਕਰਨ ਨਾਲ ਸਕੀਮਾਂ ਨੂੰ ਲਾਗੂ ਕਰਨ ਵਿਚ ਸੁਧਾਰ ਆਇਆ ਹੈ।

5. **4 ਸਾਲ ਦੀ ਰਣਨੀਤਕ ਕਾਰਵਾਈ ਯੋਜਨਾ** (2019-23)/ **ਸਲਾਨਾ ਕਾਰਵਾਈ ਯੋਜਨਾ** (2019-20) **ਅਤੇ ਇਸ ਦੇ ਅਧੀਨ ਕਾਰਜ**

**ੳ) ਸਥਾਈ ਵਿਕਾਸ ਟੀਚੇ, ਟੀਚਿਆਂ ਦੀ ਪ੍ਰਾਪਤੀ ਦੀ ਪ੍ਰਗਤੀ, ਟੀਚਿਆਂ ਅਤੇ ਸੂਚਕ**

| ਲੜੀ ਨੰ: | ਸਥਾਈ ਵਿਕਾਸ ਟੀਚੇ | ਟੀਚੇ | ਸੂਚਕ | ਸੂਚਕ ਇਕਾਈ | ਬੇਸ ਲਾਈਨ ਸਾਲ | ਬੇਸ ਲਾਈਨ ਮੁੱਲ | ਸੂਚਕ ਟੀਚੇ | | | | ਪ੍ਰਾਪਤੀਆਂ | | |
|---|---|---|---|---|---|---|---|---|---|---|---|---|---|
| | | | | | | | 2019-20 | 2020-21 | 2021-22 | ਵਿੱਤ ਸਾਲ 2030 | 2019-20 | 2020-21 | 2021-22 |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| | ਸਬੰਧਤ ਨਹੀਂ | | | | | | | | | | | | |

5. ਅ) ਸਕੀਮਾਂ, ਪ੍ਰਾਜੈਕਟਾਂ ਅਤੇ ਸੂਚਕਾਂ ਵਿੱਚ ਦਖਲ

| ਲੜੀ ਨੰ: | ਸਕੀਮ/ਪ੍ਰਜੈਕਟ ਦਖਲ | ਅਨੁਮਾਨਤ ਖਰਚਾ (ਫੰਡਿੰਗ ਸਰੋਤ) | ਸੂਚਕ | ਇਕਾਈ | ਬੇਸ ਲਾਈਨ ਸਾਲ | ਬੇਸ ਲਾਈਨ ਮੁੱਲ | ਸੂਚਕ ਟੀਚੇ | | | | ਪ੍ਰਾਪਤੀਆਂ | | |
|---|---|---|---|---|---|---|---|---|---|---|---|---|---|
| | | | | | | | 2019-20 | 2020-21 | 2021-22 | ਵਿੱਤੀ ਸਾਲ 2030 | 2019-20 | 2020-21 | 2021-22 |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| 1 | ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) PMAY (U) ਪਹਿਲਾਂ ਊਸ਼ਾ ਸਕੀਮ | ਹਾਊਸਿੰਗ ਅਤੇ ਸ਼ਹਿਰੀ ਗਰੀਬੀ ਨਿਵਾਰਣ ਮੰਤਰਾਲਾ, ਭਾਰਤ ਸਰਕਾਰ | ੳ)ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਦੀ ਤਿਆਰੀ<br>ਅ) HSUI ਦੇ ਅਧੀਨ 9 ਜਿਲਿਆਂ ਦਾ EWS/LIG ਮਕਾਨਾਂ ਦਾ ਡੈਟਾ ਇੱਕਤਰ ਅਤੇ ਸੰਗ੍ਰਹਿ ਕਰਨਾ | ਨੰਬਰ<br>ਨੰਬਰ | 2011-12<br>- | ਭਾਰਤ ਸਰਕਾਰ ਦੁਆਰਾ 5.00 ਲੱਖ ਰੁ/ | ਸਲਾਨਾ | ਸਲਾਨਾ | | | ਸਲਾਨਾ | | |
| 2 | ਜਿਓਸਪੈਸ਼ਲ ਇਨਫਰਮੇਸ਼ਨ ਸਿਸਟਮ (ਜੀ. ਆਈ. ਐਸ) | ਪੰਜਾਬ ਸਰਕਾਰ | ਜੀ.ਆਈ. ਐਸ. ਲੇਅਰ ਫਾਰ ਡਿਫਰੈਂਟ ਡਿਪਾਰਟਮੈਂਟਸ | - | 2013 | - | | | | | | | |

6. ਉਪਰੋਕਤ 5 (ੳ) ਅਤੇ (ਅ) ਦੇ ਅਧੀਨ ਦਰਜ ਕੀਤੀਆਂ ਗਈਆਂ ਮਹੱਤਵਪੂਰਨ ਪ੍ਰਾਪਤੀਆਂ (ਮਾਨਤਾ, ਗੁਣਵੱਤਾ ਪ੍ਰਮਾਣ ਪੱਤਰ, ਪ੍ਰਕਾਸ਼ਨ, ਕਾਨਫਰੰਸਾਂ, ਪੇਸ਼ਕਾਰੀਆਂ ਅਤੇ ਹੋਰ ਸਬੰਧਤ ਜਾਣਕਾਰੀ):

7. ਵਿਭਾਗ ਦੇ ਕਰਮਚਾਰੀਆਂ ਦੇ ਮੁੱਖ ਪ੍ਰਦਰਸ਼ਨ ਮਾਪਦੰਡ

| ਲੜੀ ਨੰ: | ਸਕੀਮ/ਪ੍ਰਾਜੈਕਟ ਦਖਲ | ਮੁੱਖ ਪ੍ਰਦਰਸ਼ਨ ਮਾਪਦੰਡ | **KPP** ਇਕਾਈ | ਇਕਾਈ | ਟੀਚੇ | | | ਪ੍ਰਾਪਤੀਆਂ | | | |
|---|---|---|---|---|---|---|---|---|---|---|---|
| | | | | | 2019-20 | 2020-21 | 2021-22 | 2030 | 2019-20 | 2020-21 | 2021-22 |
| 1 | 2 | 3 | 4 | 5 | 6 | 7 | 8 | 9 | 10 | 11 | 12 |
| | ਸਬੰਧਤ ਨਹੀਂ | | | | | | | | | | |

ੲ) ਵਿੱਤੀ ਪ੍ਰਦਰਸ਼ਨ

| ਲੜੀ ਨੰ: | ਸਕੀਮ/ਪ੍ਰਾਜੈਕਟ ਦਖਲ | 2019-20 | | | ਵਿੱਤੀ ਜਰੂਰਤਾਂ(ਅੰਦਾਜਨ) | | | | | ਅਸਲੀ ਖਰਚਾ | | | |
|---|---|---|---|---|---|---|---|---|---|---|---|---|---|
| | | ਅਨੁਮਾਨਤ ਬਜਟ | ਰੀਵੈਲੀਡੇਸ਼ਨ | ਖਰਚਾ | 2019-20 | 2020-21 | 2021-22 | 2022-23 | ਕੁੱਲ ਜੋੜ | 2020-21 | 2021-22 | 2022-23 | 2023-24 |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| 1 | ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ)PMAY(U) ਪਹਿਲਾਂ ਊਸ਼ਾ ਸਕੀਮ | 56.00 ਲੱਖ ਰੁਪਏ | 19,64,473 ਰੁਪਏ | 47,13,679 ਰੁਪਏ | 60.00 ਲੱਖ ਰੁਪਏ | 60.00 ਲੱਖ ਰੁਪਏ | 60.00 ਲੱਖ ਰੁਪਏ | 60.00 ਲੱਖ ਰੁਪਏ | 240.00 ਲੱਖ ਰੁਪਏ | 46.40 ਲੱਖ ਰੁਪਏ ਫਰਵਰੀ, 2021 | ਉਪਲਬਧ ਨਹੀਂ | ਉਪਲਬਧ ਨਹੀਂ | ਉਪਲਬਧ ਨਹੀਂ |
| 2 | ਜੀਓਸਪੈਸ਼ਲ ਇਨਫਰਮੇਸ਼ਨ ਸਿਸਟਮ | 155 | - | 48 | 150 | 150 | 150 | 105 | 600 | - | - | - | - |

8. ਸਾਲ ਦੌਰਾਨ ਬਕਾਇਆ ਆਡਿਟ ਪੈਰ੍ਹਿਆਂ ਦੇ ਨਿਪਟਾਰੇ ਦੀ ਪ੍ਰਗਤੀ:

| ਸੁਰੂਆਤੀ ਬਕਾਇਆ (31.12.2018 ਤੱਕ) | ਪ੍ਰਾਪਤ ਹੋਇਆ | ਨਿਪਟਾਰਾ | ਸਾਲ ਦੇ ਅੰਤ ਵਿੱਚ ਬਕਾਇਆ |
|---|---|---|---|
| 1 | 2 | 3 | 4 |
| 58 | 0 | 7 | 51 |

9. ਅੰਤਿਮਾ (ਚਾਰਟ, ਟੇਬਲ, ਅਨੈਕਚਰਜ ਆਦਿ)

ਨਾਲ ਨੱਥੀ ਕੀਤੇ ਜਾਂਦੇ ਹਨ।

ਅਨੈਕਸਚਰ-**II:** ਸ੍ਰੇਣੀਵਾਰ ਮਨਜ਼ੂਰ ਸੁਦਾ ਅਤੇ ਭਰੀਆਂ ਅਸਾਮੀਆਂ - ਕੁੱਲ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਮਿਤੀ 31.3.2020 ਤੱਕ

| ਸਟਾਫ ਦੀ ਸ਼੍ਰੇਣੀ | ਕੁੱਲ ਮਨਜ਼ੂਰ ਸੁਦਾ ਆਸਾਮੀਆਂ | ਕੁਲ ਭਰੀਆਂ ਅਸਾਮੀਆਂ | ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪੱਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪ੍ਰਤੀਸ਼ਤਤਾ | |
|---|---|---|---|---|---|---|
| | | | | | ਅਨੁਸੂਚਿਤ ਜਾਤੀਆਂ | ਪੱਛੜੀਆਂ ਜਾਤੀਆਂ |
| 1 | 2 | 3 | 4 | 5 | 6 | 7 |
| ਗਰੁੱਪ ਏ | 78 | 27 | 7 | 2 | 25.93 | 7.41 |
| ਗਰੁੱਪ ਬੀ | 267 | 93 | 18 | 9 | 19.35 | 9.68 |
| ਗਰੁੱਪ ਸੀ | 381 | 112 | 20 | 15 | 17.86 | 13.39 |
| ਗਰੁੱਪ ਡੀ | 103 | 48 | 27 | 4 | 56.25 | 8.33 |
| **ਜੋੜ** | 829 | 280 | 72 | 30 | **25.71** | **10.71** |

ਅਨੈਕਸਚਰ-**III:** 31.3.2019 ਤੱਕ ਆਹੁੱਦੇਵਾਰ ਮੰਨਜ਼ੂਰਸ਼ੁਦਾ ਅਤੇ ਭਰੀਆਂ ਅਸਾਮੀਆਂ ਦਾ ਵੇਰਵਾ

| ਅਸਾਮੀ ਦਾ ਨਾਂ/ਆਹੁੱਦਾ | ਮੰਨਜ਼ੂਰਸ਼ੁਦਾ ਅਸਾਮੀਆਂ | | | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| | ਮੁੱਖ ਦਫਤਰ | ਜ਼ਿਲ੍ਹਾ ਪੱਧਰ | ਕੁੱਲ | | |
| 1 | 2 | 3 | 4 | 5 | 6 |
| ਗਰੁੱਪ ਏ ਅਸਾਮੀਆਂ | | | | | |
| (i) ਆਰਥਿਕ ਸਲਾਹਕਾਰ | 1 | 0 | 1 | 1 | 0 |
| (ii) ਡਾਇਰੈਕਟਰ | 2 | 0 | 2 | 0 | 2 |
| (iii) ਮੀਤ ਡਾਇਰੈਕਟਰ | 3 | 0 | 3 | 3 | 0 |
| (iv) ਉਪ ਅਰਥ ਅਤੇ ਅੰਕੜਾ ਸਲਾਹਕਾਰ | 5 | 22 | 27 | 14 | 13 |
| (v) ਖੋਜ ਅਫਸਰ | 22 | 22 | 44 | 8 | 36 |
| (vi) ਸੁਪਰਡੰਟ ਗ੍ਰੇਡ-1 | 1 | 0 | 1 | 1 | 0 |
| **ਉਪ ਜੋੜ ਗਰੁੱਪ-ਏ ਅਸਾਮੀਆਂ (i-vi)** | **34** | **44** | **78** | **27** | **51** |
| ਗਰੁੱਪ ਬੀ ਅਸਾਮੀਆਂ | | | | | |
| (i) ਜ਼ਿਲ੍ਹਾ ਅੰਕੜਾ ਅਫ਼ਸਰ | 0 | 16 | 16 | 4 | 12 |
| (ii) ਸਹਾਇਕ ਖੋਜ ਅਫਸਰ | 58 | 63 | 121 | 21 | 100 |
| (iii) ਸੀਨੀਅਰ ਆਰਟਿਸਟ | 1 | 0 | 1 | 0 | 1 |
| (iv) ਡਰਾਫਟਸਮੈਨ | 2 | 0 | 2 | 0 | 2 |
| (v) ਸੁਪਰਡੰਟ ਗ੍ਰੇਡ- II | 2 | 0 | 2 | 2 | 0 |
| (vi) ਅੰਕੜਾ ਸਹਾਇਕ | 33 | 61 | 94 | 46 | 48 |
| (vii) ਸੀਨੀਅਰ ਸਹਾਇਕ | 13 | 14 | 27 | 19 | 8 |
| (viii) ਸੀਨੀਅਰ ਸਕੇਲ ਸਟੈਨੋਗ੍ਰਾਫਰ | 4 | 0 | 4 | 1 | 3 |
| **ਉਪ ਜੋੜ ਗਰੁੱਪ-ਬੀ ਅਸਾਮੀਆਂ (i-viii)** | **113** | **154** | **267** | **93** | **174** |
| ਗਰੁੱਪ-ਸੀ ਅਸਾਮੀਆਂ | | | | | |
| (i) ਲਾਇਬ੍ਰੇਰੀਅਨ | 1 | 0 | 1 | 0 | 1 |
| (ii) ਜੂਨੀਅਰ ਡਰਾਫਟਸ ਮੈਨ | 1 | 0 | 1 | 0 | 1 |
| (iii) ਜੂਨੀਅਰ ਸਕੇਲ ਸਟੈਨੋਗ੍ਰਾਫਰ | 11 | 0 | 11 | 3 | 8 |
| (iv) ਸਟੈਨੋ ਟਾਈਪਿਸਟ | 23 | 31 | 54 | 8 | 46 |
| (v) ਜੂਨੀਅਰ ਸਹਾਇਕ/ਕਲਰਕ | 16 | 49 | 65 | 43 | 22 |
| (vi) ਇਨਵੈਸਟੀਗੇਟਰ | 54 | 152 | 206 | 43 | 163 |
| (vii) ਡੈਟਾ ਐਂਟਰੀ ਉਪਰੇਟਰ | 0 | 31 | 31 | 12 | 19 |
| (viii) ਡਰਾਈਵਰ, | 3 | 7 | 10 | 3 | 7 |
| (ix) ਜਿਲਦਸਾਜ | 1 | 0 | 1 | 0 | 1 |
| (x) ਜੀ.ਓ | 1 | 0 | 1 | 0 | 1 |
| **ਉਪ ਜੋੜ ਗਰੁੱਪ-ਸੀ ਅਸਾਮੀਆਂ (i-ix)** | **111** | **270** | **381** | **112** | **269** |
| ਗਰੁੱਪ-ਡੀ ਅਸਾਮੀਆਂ | | | | | |
| (i) ਹੈਡ ਸੇਵਾਦਾਰ | 1 | 0 | 1 | 1 | 0 |
| (ii) ਦਫਤਰੀ | 1 | 0 | 1 | 0 | 1 |
| (iii) ਸੇਵਾਦਾਰ/ ਜਮਾਂਦਾਰ-ਕਮ-ਚੋਕੀਦਾਰ | 43 | 58 | 101 | 43 | 58 |
| **ਉਪ ਜੋੜ ਗਰੁੱਪ-ਡੀ ਅਸਾਮੀਆਂ (i-iv)** | **45** | **58** | **103** | **44** | **59** |
| ਕੁੱਲ ਜੋੜ (ਗਰੁੱਪ ਏ+ਬੀ+ਸੀ+ਡੀ) | **303** | **526** | **829** | **276 (33 %)** | **553 (67 %)** |

ਅਨੈਕਚਸਰ-**IV :** ਸਾਲ 2019-20 ਦੌਰਾਨ ਤਿਆਰ ਕੀਤੀਆਂ ਪ੍ਰਕਾਸ਼ਨਾਂ/ਰਿਪੋਰਟਾਂ ਦੀ ਲਿਸਟ

| ਲੜੀ ਨੰ: | ਪਬਲੀਕੇਸ਼ਨ ਦਾ ਨਾਂ | ਟੀਚਾ |
|---|---|---|
| 1 | ਪੰਜਾਬ ਦਾ ਅੰਕੜਾ ਸਾਰ | ਬਜੱਟ ਸੈਸ਼ਨ ਅਨੁਸਾਰ |
| 2 | ਪੰਜਾਬ ਦਾ ਆਰਥਿਕ ਸਰਵੇਖਣ | ਬਜੱਟ ਸੈਸ਼ਨ ਅਨੁਸਾਰ |
| 3 | ਪੰਜਾਬ ਐਟ ਏ ਗਲਾਂਸ-ਜ਼ਿਲ੍ਹਾਵਾਰ | ਜੂਨ |
| 4 | ਪਿੰਡਾਂ ਦੀ ਡਾਇਰੈਕਟਰੀ | ਅਕਤੂਬਰ |
| 5 | ਬਲਾਕ ਐਟ ਏ ਗਲਾਂਸ | ਅਕਤੂਬਰ |
| 6 | ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ ਬਨਾਮ ਭਾਰਤ | ਨਵੰਬਰ |
| 7 | ਰਾਜ ਆਮਦਨ ਅਨੁਮਾਨ | ਮਾਰਚ |
| 8 | ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ | ਮਾਰਚ |
| 9 | ਨਗਰ ਪਾਲਿਕਾ ਅੰਕੜਾ ਪੁਸਤਕ | ਮਾਰਚ |
| 10 | ਉਪਭੋਗਤਾ ਭਾਅ ਸੂਚਕ (ਸੀ ਪੀ ਆਈ) | ਹਰ ਮਹੀਨੇ ਦਾ ਪਹਿਲਾ ਹਫਤਾ |
| 11 | ਉਦਯੋਗਿਕ ਉਤਪਾਦਨ ਸੂਚਕਾਂਕ (ਆਈ ਆਈ ਪੀ) | ਹਰੇਕ ਤਿਮਾਹੀਵਾਰ |
| 12 | ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ | ਮਾਰਚ |

ਸਾਲ 2019-20 ਦੌਰਾਨ ਕੰਮ ਕਰ ਰਹੇ ਅਫਸਰਾਂ ਦੇ ਨਾਂ ਅਤੇ ਆਹੁੱਦਾ

| ਆਹੁੱਦਾ | ਸਰਵ ਸ਼੍ਰੀ/ਸ਼੍ਰੀਮਤੀ |
|---|---|
| ਪ੍ਰਬੰਧਕੀ ਸਕੱਤਰ | ਜ਼ਸਪਾਲ ਸਿੰਘ, ਪ੍ਰਮੁੱਖ ਸਕੱਤਰ, ਯੋਜਨਾਬੰਦੀ |
| ਆਰਥਿਕ ਸਲਾਹਕਾਰ | ਮੋਹਨ ਲਾਲ ਸ਼ਰਮਾ |
| ਮੀਤ ਡਾਇਰੈਕਟਰ | 1. ਹਰਵਿੰਦਰ ਸਿੰਘ<br>2. ਜਗਦੀਪ ਸਿੰਘ<br>3. ਕੁਲਦੀਪ ਕੌਰ |
| ਉਪ ਅਰਥ ਅਤੇ ਅੰਕੜਾ ਸਲਾਹਕਾਰ<br>ਮੁੱਖ ਦਫਤਰ/ਜ਼ਿਲ੍ਹਾ ਪੱਧਰ | 1. ਪਰਮਜੀਤ ਸਿੰਘ<br>2. ਰਾਣੀ<br>3. ਪਰਮਿੰਦਰ ਕੌਰ<br>4. ਰਾਕੇਸ਼ ਕਾਲੀਆ<br>5. ਭੁਪਿੰਦਰ ਕੌਰ<br>6. ਅਸ਼ੋਕ ਕੁਮਾਰ<br>7. ਚਰਨਜੀਤ ਸਿੰਘ<br>8. ਅਮਨਦੀਪ ਸਿੰਘ<br>9. ਨਰੇਸ਼ ਕੁਮਾਰ<br>10. ਸੁਨੀਤਾ ਬੈਂਸ<br>11. ਦਵਿੰਦਰ ਕੁਮਾਰ<br>12. ਮੀਨਾ ਰਾਣੀ<br>13. ਸਰਬਜੀਤ ਕੌਰ<br>14 ਰਵਿੰਦਰਪਾਲ ਦੱਤਾ |

ਅਨੈਕਸਚਰ-1

## ਅਰਥ ਅਤੇ ਅੰਕੜਾ ਸੰਗਠਨ, ਪੰਜਾਬ

